Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 29 Friday, February 14, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


TOP 4% TREB REALTOR 2018
Buy With $0 Down Program
Royal Canadian
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

# 279 ਕੈਨੇਡੀਅਨਾਂ ਵਾਲੇ ਬੇੜੇ ਨੂੰ ਕੰਬੋਡੀਆ ਦੀ ਬੰਦਰਗਾਹ 'ਤੇ ਮਿਲੀ ਪਨਾਹ

**ਬੇੜੇ ਵਿੱਚ ਕੋਰੋਨਾਵਾਇਰਸ ਦੇ ਕੇਸਾਂ ਦੀ ਗਿਣਤੀ 218 ਤੱਕ ਅੱਪੜੀ**



ਟੋਰਾਂਟੋ, 13 ਫਰਵਰੀ (ਪੋਸਟ ਬਿਊਰੋ) : ਗਲੋਬਲ ਅਫੇਅਰਜ਼ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਕੋਰੋਨਾਵਾਇਰਸ ਦੇ ਡਰ ਕਾਰਨ ਪੰਜ ਹੋਰਨਾਂ ਬੰਦਰਗਾਹਾਂ ਉੱਤੇ ਪਨਾਹ ਹਾਸਲ ਨਾ ਹੋਣ ਤੋਂ ਬਾਅਦ 279 ਕੈਨੇਡੀਅਨਾਂ ਵਾਲੇ ਬੇੜੇ ਨੂੰ ਇਸ ਸਮੇਂ ਕੰਬੋਡੀਆ ਵਿੱਚ ਸਮੁੰਦਰੀ ਤੱਟ ਉੱਤੇ ਖੜ੍ਹਾਇਆ ਗਿਆ ਹੈ।

ਦੋ ਹਫਤਿਆਂ ਤੱਕ ਸਮੁੰਦਰ ਵਿੱਚ ਫਸੇ ਐਮਐਸ ਵੈਸਟਰਡੈਮ ਬੇੜੇ ਨੂੰ ਆਖਿਰਕਾਰ ਵੀਰਵਾਰ ਸਵੇਰੇ ਦੱਖਣਪੱਛਮੀ ਕੰਬੋਡੀਆ ਵਿੱਚ ਸਿਹਨੁਕਵਿਲੇ ਦੀ ਬੰਦਰਗਾਹ ਉਤੇ ਖੜ੍ਹਾਇਆ ਗਿਆ। ਇਸ ਬੇੜੇ ਨੇ ਇਸ ਹਫਤੇ ਉਦੋਂ ਸੁਰਖੀਆਂ ਬਟੋਰੀਆਂ ਜਦੋਂ ਥਾਈਲੈਂਡ, ਜਾਪਾਨ, ਤਾਇਵਾਨ, ਗੁਆਮ ਤੇ ਫਿਲੀਪੀਨਜ਼ ਵੱਲੋਂ ਕੋਵਿਡ-19 ਆਊਟਬ੍ਰੇਕ ਦੇ ਡਰ ਕਾਰਨ ਇਸ ਬੇੜੇ ਨੂੰ ਆਪਣੀਆਂ ਬੰਦਰਗਾਹਾਂ ਵਿੱਚ ਦਾਖਲ ਹੋਣ ਤੋਂ ਮਨ੍ਹਾਂ ਕਰ ਦਿੱਤਾ ਗਿਆ।

ਬੇੜੇ ਦੇ ਆਪਰੇਟਰ ਹਾਲੈਂਡ ਅਮੈਰਿਕਾ ਲਾਈਨ ਦਾ ਕਹਿਣਾ ਹੈ ਕਿ ਉਸ ਦੇ 1455 ਯਾਤਰੀਆਂ ਤੇ ਅਮਲੇ ਦੇ 802 ਮੈਂਬਰਾਂ ਵਿੱਚ ਵਾਇਰਲ ਦੇ ਕੋਈ ਨਿਸ਼ਾਨ ਨਹੀ ਹਨ। ਭਾਵ ਕਿ ਕਿਸੇ ਤਰ੍ਹਾਂ ਵੀ ਕੋਰੋਨਾਵ-ਾਇਰਸ ਦੇ ਕੇਸਾਂ ਦੀ ਪੁਸ਼ਟੀ ਨਹੀਂ ਹੋਈ ਹੈ। ਇੱਕ ਈਮੇਲ ਵਿੱਚ ਗਲੋਬਲ ਅਫੇਅਰਜ਼ ਕੈਨੇਡਾ ਦੇ ਬੁਲਾਰੇ ਨੇ ਆਖਿਆ ਕਿ ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਵੱਲੋਂ ਆਪਣੇ ਹਮਰੁਤਬਾ ਕੰਬੋਡੀਆਈ ਅਧਿਕਾਰੀ ਪਰੈਕ ਸੋਖੋਨ ਨਾਲ ਗੱਲ ਕਰਕੇ ਉਨ੍ਹਾਂ ਨੂੰ ਇਸ ਬੇੜੇ ਨੂੰ ਪਨਾਹ ਦੇਣ ਦੀ ਇਜਾਜ਼ਤ ਦੇਣ ਵਾਸਤੇ ਧੰਨਵਾਦ ਕੀਤਾ ਗਿਆ ਹੈ।

...ਬਾਕੀ ਪੰਨਾ 6 'ਤੇ

# ਸਾਬਕਾ ਕੈਬਨਿਟ ਮੰਤਰੀ ਜੌਹਨ ਬੇਅਰਡ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਨਹੀਂ ਲੈਣਗੇ ਹਿੱਸਾ

ਓਟਵਾ, 13 ਫਰਵਰੀ (ਪੋਸਟ ਬਿਊਰੋ) : ਸਾਬਕਾ ਕੰਜ਼ਰਵੇਟਿਵ ਕੈਬਨਿਟ ਮੰਤਰੀ ਜੌਹਨ ਬੇਅਰਡ ਦਾ ਕਹਿਣਾ ਹੈ ਕਿ ਉਹ ਟੋਰੀ ਲੀਡਰਸ਼ਿਪ ਦੌੜ ਵਿੱਚ ਹਿੱਸਾ ਨਹੀਂ ਲੈਣਗੇ। ਪਹਿਲਾਂ ਇਹ ਚਰਚਾ ਜ਼ੋਰਾਂ ਉੱਤੇ ਸੀ ਕਿ ਬੇਅਰਡ ਵੀ ਟੋਰੀ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣਗੇ।



ਵੀਰਵਾਰ ਨੂੰ ਟਵਿੱਟਰ ਉੱਤੇ ਪੋਸਟ ਕੀਤੇ ਗਏ ਬਿਆਨ ਵਿੱਚ ਬੇਅਰਡ ਨੇ ਆਖਿਆ ਕਿ ਜਿਹੜਾ ਸਮਰਥਨ ਉਨ੍ਹਾਂ ਨੂੰ ਮਿਲਿਆ ਉਹ ਉਸ ਲਈ ਸਾਰਿਆਂ ਦੇ ਧੰਨਵਾਦੀ ਹਨ ਪਰ ਉਨ੍ਹਾਂ ਵੱਲੋਂ ਇਸ ਦੌੜ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਅੱਗੇ ਆਖਿਆ ਕਿ ਜਦੋਂ 20 ਸਾਲ ਚੁਣੇ ਹੋਏ ਨੁਮਾਇੰਦੇ ਵਜੋਂ ਸਿਆਸਤ ਵਿੱਚ ਕੰਮ ਕੀਤਾ ਤੇ ਫਿਰ ਪ੍ਰਾਈਵੇਟ ਸੈਕਟਰ ਨਾਲ ਜੁੜਿਆ ਤਾਂ ਇਹ ਵੀ ਪੂਰਾ ਵਧੀਆ ਕਰੀਅਰ ਨਿਕਲਿਆ। ਬੇਅਰਡ ਨੇ ਆਖਿਆ ਕਿ ਉਹ ਆਪਣੇ ਮੌਜੂਦਾ ਕੰਮ ਨੂੰ ਕਾਫੀ ਪਿਆਰ ਕਰਦੇ ਹਨ।

ਉਨ੍ਹਾਂ ਆਖਿਆ ਕਿ ਉਹ ਸਪਸ਼ਟ ਕਰਨਾ ਚਾਹੁੰਦੇ ਹਨ ਕਿ ਉਹ ਕੰਜ਼ਰਵੇਟਿਵ ਪਾਰਟੀ ਦਾ ਲੀਡਰ ਬਣਨ ਲਈ ਕਿਸੇ ਦੌੜ ਵਿੱਚ ਹਿੱਸਾ ਨਹੀਂ ਲੈ ਰਹੇ ਹਨ।

ਹੁਣ ਤੱਕ ਸਿਰਫ ਤਿੰਨ ਉਮੀਦਵਾਰ ਪੀਟਰ ਮੈਕੇਅ, ਐਰਿਨ ਓਟੂਲੇ ਤੇ ਟੋਰਾਂਟੋ ਦੇ ਵਕੀਲ ਲੈਸਲਿਨ ਲੁਈਸ ਹੀ ਲੀਡਰਸ਼ਿਪ ਲਈ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰ ਸਕੇ ਹਨ। ਇਨ੍ਹਾਂ ਵਿੱਚ ਸੱਤ ਪ੍ਰੋਵਿੰਸਾਂ ਤੇ ਟੈਰੇਟਰੀਜ਼ ਦੇ 30 ਹਲਕਿਆਂ ਤੋਂ ਆਪਣੇ ਸਮਰਥਕਾਂ ਕੋਲੋਂ 1000 ਦਸਤਖ਼ਤ ਹਾਸਲ ਕਰਨਾ ਤੇ 27 ਫਰਵਰੀ ਤਕ 25,000 ਡਾਲਰ ਫੀਸ ਜਮ੍ਹਾਂ ਕਰਵਾਉਣਾ ਮੁੱਖ ਹਨ। ਇਸ ਤੋਂ ਇਲਾਵਾ ਉਮੀਦਵਾਰਾਂ ਨੂੰ 25 ਮਾਰਚ ਤੱਕ 2000 ਹੋਰ ਦਸਤਖ਼ਤ ਤੇ 275,000 ਡਾਲਰ ਹੋਰ ਜਮ੍ਹਾਂ ਕਰਵਾਉਣੇ ਹੋਣਗੇ। ਜੇ ਉਮੀਦਵਾਰ ਸਾਰੇ ਨਿਯਮਾਂ ਦੀ ਪਾਲਣਾ ਕਰਦੇ ਹਨ ਤਾਂ ਉਨ੍ਹਾਂ ਨੂੰ 100000 ਡਾਲਰ ਰੀਫੰਡ ਵੀ ਹੋ ਜਾਵੇਗਾ।

# ਵਾਇਆ ਰੇਲ ਨੇ ਕੈਨੇਡਾ ਭਰ ਵਿੱਚ ਰੱਦ ਕੀਤੀਆਂ ਗੱਡੀਆਂ, ਸੀਐਨ ਨੇ ਪੂਰਬੀ ਕੈਨੇਡਾ ਵਿੱਚ ਬੰਦ ਕੀਤਾ ਨੈੱਟਵਰਕ

ਟੋਰਾਂਟੋ, 13 ਫਰਵਰੀ (ਪੋਸਟ ਬਿਊਰੋ) : ਪਾਈਪਲਾਈਨ ਦੇ ਸਬੰਧ ਵਿੱਚ ਹੋ ਰਹੇ ਮੁਜ਼ਾਹਰਿਆਂ ਕਾਰਨ ਵਾਇਆ ਰੇਲ ਵੱਲੋਂ ਅਚਾਨਕ ਹੀ ਦੇਸ਼ ਭਰ ਵਿੱਚ ਆਪਣੇ ਟਰੇਨ ਨੈੱਟਵਰਕ ਨੂੰ ਅਗਲੇ ਨੋਟਿਸ ਤੱਕ ਰੱਦ ਕਰ ਦਿੱਤਾ ਗਿਆ।





ਇਸ ਸੰਕਟ ਨਾਲ ਨਜਿੱਠਣ ਲਈ ਫੈਡਰਲ ਸਰਕਾਰ ਵੱਲੋਂ ਕੈਬਨਿਟ ਮੰਤਰੀਆਂ ਨੂੰ ਮੁਜ਼ਾਹਰਾਕਾਰੀਆਂ ਨਾਲ ਮੁਲਾਕਾਤ ਕਰਨ ਲਈ ਭੇਜਿਆ ਜਾ ਰਿਹਾ ਹੈ।

ਵੀਰਵਾਰ ਦੁਪਹਿਰ ਨੂੰ ਵਾਇਆ ਰੇਲ ਨੇ ਆਖਿਆ ਕਿ ਉਨ੍ਹਾਂ ਕੋਲ ਟਰੇਨ ਸੇਵਾ ਫੌਰੀ ਪ੍ਰਭਾਵ ਨਾਲ ਰੱਦ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਜਿਨ੍ਹਾਂ ਯਾਤਰੀਆਂ ਨੇ ਬੁਕਿੰਗ ਕਰਵਾਈਆਂ ਹੋਈਆਂ ਹਨ ਉਨ੍ਹਾਂ ਨੂੰ ਆਟੋਮੈਟਿਕਲੀ ਰੀਫੰਡ ਹਾਸਲ ਹੋ ਜਾਵੇਗਾ। ਇਸ ਤੋਂ ਇਲਾਵਾ ਕੰਪਨੀ 18 ਫਰਵਰੀ ਤੋਂ ਪਹਿਲਾਂ ਕੋਈ ਵੀ ਬੁਕਿੰਗ ਨਹੀਂ ਸਵੀਕਾਰੇਗੀ।

ਇੱਕ ਬਿਆਨ ਵਿੱਚ ਵਾਇਆ ਰੇਲ ਨੇ ਆਖਿਆ ਕਿ ਇਨ੍ਹਾਂ ਹਾਲਾਤ ਦੇ ਸਾਡੇ ਯਾਤਰੀਆਂ ਉੱਤੇ ਪੈਣ ਵਾਲੇ ਪ੍ਰਭਾਵ ਨੂੰ ਅਸੀਂ ਸਮਝਦੇ ਹਾਂ ਤੇ ਸਾਨੂੰ ਉਨ੍ਹਾਂ ਨੂੰ ਪੇਸ਼ ਆ ਰਹੀ ਦਿੱਕਤ ਦਾ ਅਫਸੋਸ ਹੈ।

...ਬਾਕੀ ਪੰਨਾ 6 'ਤੇ

## ਗੁਰਦੁਆਰਾ ਕਾਲੀ ਦੇਵੀ, ਬੇਰੂਨ ਤੋਪਾ ਵਾਲਾ ਚੌਕ, ਡੀ ਆਈ ਖਾਨ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਕਾਲੀ ਦੇਵੀ, ਬੇਰੂਨ ਤੋਪਾ ਵਾਲਾ ਚੌਕ, ਡੀ ਆਈ ਖਾਨ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance • Super Visa Insurance • Critical illness Ins • Mortgage Insurance • Travel & Visitor Ins • Disability Insurance • RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home Auto Business Trucking Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

RESIDENTIAL MORTGAGE
ਹਰ ਤਰ੍ਹਾਂ ਦੀਆਂ ਮੋਰਟਗੇਜ ਦੀਆਂ ਸੇਵਾਵਾਂ ਜਿਵੇਂ :
Purchase
Refinance
Self Employed
Special Rate & Package for Mortgage
Call today !! 647-964-0060
gurvinder.mangat@nbc.ca
National Bank 10520 Torbram Rd, Brampton, ON L6R 3N9
GURVINDER MANGAT Mortgage Development Manager

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.0000
Tico # 50021780
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HSBA TAX SERVICES
**Corporation's Registration – Federal $240, Ontario $380 **
• Personal and Corporation Tax
• Initial Business Setup and Consultation
• Accounting & Bookkeeping Services
• HST, WSIB & Payroll Taxes
• CRA Appeals, Audits & Notice of Objection
• Cash Flow, Forecasts & Project Reports
• Registered Education Saving Plans (RESPs)
• Mortgages and Loans
20% Discount For Students, New Immigrants and Senior Citizens
Tel: 647-720-5278 Prabhjot Kaur (Sr. Accountant, M.B.A)
Email: info@hsbatax.com
100 Maritime Ontario Blvd., Unit 77, Brampton, ON L6S 0E7

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration · Real Estate
Family Law · Business Closing
Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਿੱਲਜ਼ ਅਤੇ ਇਸਟੇਟਸ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

# ਕੋਰੋਨਾਵਾਇਰਸ ਦੇ ਕੇਸਾਂ ਵਿੱਚ ਰਾਤੋ ਰਾਤ ਹੋਇਆ ਵਾਧਾ

## ਐਨੀ ਜਲਦੀ ਕੋਰੋਨਾਵਾਇਰਸ ਮਹਾਮਾਰੀ ਦੇ ਖਾਤਮੇ ਦੀ ਪੇਸ਼ੀਨਿਗੋਈ ਕਰਨਾ ਜਲਦਬਾਜ਼ੀ : ਡਬਲਿਊਐਚਓ



ਟੋਰਾਂਟੋ, 13 ਫਰਵਰੀ (ਪੋਸਟ ਬਿਊਰੋ) : ਚੀਨ ਦੇ ਹੁਬੇਈ ਪ੍ਰੋਵਿੰਸ ਵਿੱਚ ਘਾਤਕ ਕੋਵਿਡ-19 ਇਨਫੈਕਸ਼ਨਜ਼ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਇਸ ਦੌਰਾਨ ਵਿਸ਼ਵ ਸਿਹਤ ਸੰਸਥਾ (ਵਰਲਡ ਹੈਲਥ ਆਰਗੇਨਾਈਜ਼ੇਸ਼ਨ) ਨੇ ਚੇਤਾਵਨੀ ਜਾਰੀ ਕਰਦਿਆਂ ਆਖਿਆ ਹੈ ਕਿ ਐਨੀ ਜਲਦੀ ਕੋਰੋਨਾਵਾਇਰਸ ਮਹਾਮਾਰੀ ਦੇ ਖਾਤਮੇ ਦੀ ਪੇਸ਼ੀਨਿਗੋਈ ਕਰਨਾ ਜਲਦਬਾਜ਼ੀ ਹੋਵੇਗੀ।

ਹੁਬੇਈ ਹੈਲਥ ਅਧਿਕਾਰੀਆਂ ਨੇ ਦੱਸਿਆ ਕਿ 254 ਲੋਕਾਂ ਦੀ ਰਾਤ ਸਮੇਂ ਹੀ ਮੌਤ ਹੋ ਗਈ। ਇਹ ਹੁਣ ਤੱਕ ਇੱਕ ਦਿਨ ਵਿੱਚ ਮਰਨ ਵਾਲਿਆਂ ਦੀ ਸੱਭ ਤੋਂ ਵੱਡੀ ਗਿਣਤੀ ਹੈ। ਪ੍ਰੋਵਿੰਸ ਵੱਲੋਂ ਕੋਵਿਡ-19 ਦੀ ਆਪਣੀ ਪਰੀਭਾਸ਼ਾ ਦੇ ਦਾਇਰੇ ਨੂੰ ਵੀ ਵਧਾਇਆ ਗਿਆ ਹੈ। ਇਸ ਦੌਰਾਨ ਕਲੀਨਿਕਲੀ ਡਾਇਗਨੋਜ਼ ਕੀਤੇ ਗਏ ਮਰੀਜ਼ਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜਿਸ ਕਾਰਨ ਇਨ੍ਹਾਂ ਮਾਮਲਿਆ ਵਿੱਚ 15,152 ਨਵੇਂ ਕੇਸ ਹੋਰ ਜੁੜ ਗਏ ਹਨ।

ਇਸ ਨਵੀਂ ਪਰੀਭਾਸ਼ਾ ਤਹਿਤ ਡਾਕਟਰਾਂ ਨੂੰ ਇਹ ਤਾਈਦ ਕੀਤੀ ਗਈ ਹੈ ਕਿ ਉਨ੍ਹਾਂ ਵੱਲੋਂ ਲੈਬ ਦੇ ਨਤੀਜਿਆਂ ਦੀ ਉਡੀਕ ਕੀਤੇ ਬਿਨਾਂ ਮੌਕੇ ਉੱਤੇ ਹੀ ਡਾਇਗਨੋਸਿਸ ਮੁਹੱਈਆ ਕਰਵਾਇਆ ਜਾਵੇ। ਚੀਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਯੋਜਨਾ ਨਾਲ ਬਿਮਾਰੀ ਦੀ ਪਛਾਣ ਤੇ ਇਲਾਜ ਕਰਨ ਵਿੱਚ ਮਦਦ ਮਿਲੇਗੀ। ਇਸ ਦੌਰਾਨ ਦੁਨੀਆ ਭਰ ਦੇ 300 ਸਿਹਤ ਮਾਹਿਰ ਡਬਲਿਊਐਚਓ ਦੇ ਜਨੇਵਾ ਸਥਿਤ ਹੈਡਕੁਆਰਟਰ ਵਿੱਚ ਮੁਲਾਕਾਤ ਕਰਨਗੇ ਤੇ ਇਸ ਨਵੀਂ ਬਿਮਾਰੀ ਕੋਵਿਡ-19 ਬਾਰੇ ਆਪਣਾ ਗਿਆਨ ਸਾਂਝਾ ਕਰਨਗੇ ਤੇ ਇਹ ਤੈਅ ਕਰਨਗੇ ਕਿ ਇਸ ਆਊਟਬ੍ਰੇਕ ਨੂੰ ਰੋਕਣ ਲਈ ਕਿਸ ਰਿਸਰਚ ਨੂੰ ਪਹਿਲ ਦੇ ਆਧਾਰ ਉੱਤੇ ਫੰਡ ਮੁਹੱਈਆ ਕਰਵਾਉਣੇ ਚਾਹੀਦੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

MISSISSAUGA BRAMPTON
AFFORDABLE LIVING
CAMBRIDGE KITCHENER WATERLOO

Separate Entrance Basement
OPEN HOUSE On Feb 8th From 2pm to 4 pm
DOON SOUTH - KITCHENER
" 4 BEDROOM HOME"
SEPARATE ENTRANCE TO BASEMENT
Newly built 4 bedroom, 3 bathroom located mintues to 401 + Conestoga college. The area is Doon South, Kitchener which is extremely popular to GTA Buyers. Only block to newly built public elementary school and park. This home has a large foyer for guests coming and going. The contempory floor plan is open and welcoming. Kitchen is custom designed with upgraded stainless steel appliances, pantry and large eating island. Dining room is open to kitchen and can hold a large family. Family room flows off the dining room with hardwood floors and rough in fireplace. The main floor has 9 ft ceilings and large windows. Second floor has 4 bedrooms, laundry room and 2 bathrooms. The huge master has walk in closet + big ensuite bathroom. Basement has a separate entrance and large windows all waiting to be finished. Oversized double attached garage and fence yard are great benefits. ASKING $839,000.
Call Joseph today 519-575-2777 MLS # 30784447

IN - LAW SUITE
"LUXURIOUS - LARGE CUSTOM 2 STORY IN - LAW SUIT FINISHED WALK OUT BASEMENT"
Beautiful Custom built home with over 4500 sqft of finished space. Featuring 4+1 bedrooms with in law suit in basement. Upon entering the double foyer you will be amazed at the luxury finishing. The hardwood floors have marble/granite inlays, the fluted arched columns are incredible, the custom 7'' baseboards ad large casings, the 9'' main floor ceilings, the stone 2 story fireplace, and the custom built kitchen with upgraded appliances and large island with granite counters. This home has it all then some. On 2nd floor is 4 large bed rooms plus laundry room. The master bedroom is huge with walk in closet and 4pc ensuite bathroom. The bedroom are serviced by another 4 pc large bathroom. The incredible walk out basement has in law suite with separate entrance. Custom Kitchenette with granite counters and raised eating bar. The rec. room has built in custom cabinets + BOSE surround system with gas fire place. 2nd laundry with 3 pc bathroom. The basement leads to a 2 tier deck with pool + hot tub. There is also a large double attached garage and features stamped concrete driveway, sidewalk and rear patio. New shingles, paint, carpets, granite counters and overhead doors. Immaculate condition asking $985,000. Call Joseph today 519-575-2777

IN - LAW SUITE
"BEAUTIFUL BUNGALOW 3/4 ACRE LOT IN-LAW SUITE"
SOLD

IN - LAW SUITE 2018
Gated Executive Community
Large Custom Built Bungalow
"EXECUTIVE LARGE FAMILY HOME IN-LAW SUITE"
MLS 30781327
This stone approx. 6000 fully furnished sq ft bungalow has fully furnished basement with in law suite. Sitting on 1.2 acres in executive gated sub division south of Cambridge. Incredible for large families this home will accommodate them. This home has it all! For clients wanting it all! 3 large bedrooms on main floor with ensuites. Oversized family room with coffered ceilings + gas fireplace leading to opulent luxurious kitchen that belongs in a magazine. The kitchen was custom designed + built with the only finest of finishing. Double island with eating bar and commercial grade appliances. The dining room is exquisete and the granite table holds 14 people. The basement is unreal with the entrance from garage or rear door of full walkout. 3 bedroom in law suite with huge kitchen and island. The rec. room is gigantic and bright with huge window to allow sunshine in. The finished triple garage is dry walled, painted and finished floors. Fully landscaped in a gated community. Asking $1,550,000. Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018

**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

# ਅੱਜ ਨਾਮਾ


ਪਹਿਲਾਂ ਦੋਵਾਂ ਅਜਨਾਲੀਏ ਪਿਤਾ-ਪੁੱਤਰ,
ਝੰਡਾ ਚੁੱਕ ਬਗਾਵਤ ਜਿਹੀ ਕਰੀ ਮਿੱਤਰ।
ਬੰਨ੍ਹਿਆ ਗੁੱਡਾ ਬਈ ਬਹੁਤ ਮਜੀਠੀਏ ਦਾ,
ਹਰ ਇੱਕ ਊਜ ਸੀ ਦੋਵਾਂ ਨੇ ਧਰੀ ਮਿੱਤਰ।
ਭੜਕੇ ਬੜਾ ਤੇ ਮੁੜ-ਮੁੜ ਬਿਆਨ ਦੇ ਕੇ,
ਪੰਨੇ ਅਖਬਾਰਾਂ ਦੇ ਜਾਂਦੇ ਸੀ ਭਰੀ ਮਿੱਤਰ।
ਲੋਕੀਂ ਕਹਿੰਦੇ ਸੀ ਬਾਹਰੋਂ ਤਾਂ ਸ਼ੇਰ ਬਣਦੇ,
ਅੰਦਰੋਂ ਹਸ਼ਰ ਤੋਂ ਜਾਂਦੇ ਹਨ ਡਰੀ ਮਿੱਤਰ।
ਬੜ੍ਹਕਾਂ ਛੱਡੀਆਂ, ਆਖਰ ਸੀ ਮੁੜੇ ਘਰ ਨੂੰ,
ਝੁਕ-ਝੁਕ ਸੁਣੀਂਦਾ ਪੈਰੀਂ ਨੇ ਪਏ ਮਿੱਤਰ।
ਆਗੂਆਂ ਹੋਰਨਾਂ ਬਾਰੇ ਕਈ ਕਹਿਣ ਲੋਕੀਂ,
ਇਹ ਵੀ ਭਲਕ ਨੂੰ ਗਏ ਕਿ ਗਏ ਮਿੱਤਰ।

**ਤੀਸ ਮਾਰ ਖਾਂ**

# ਅਮਿਤ ਸ਼ਾਹ ਨੇ ਮੰਨਿਆ 'ਗੋਲ਼ੀ ਮਾਰੋ' ਅਤੇ ਭਾਰਤ ਪਾਕਿ ਮੈਚ ਵਰਗੇ ਬਿਆਨਾਂ ਨੇ ਭਾਜਪਾ ਦਾ ਨੁਕਸਾਨ ਕੀਤੈ

ਨਵੀਂ ਦਿੱਲੀ, 13 ਫਰਵਰੀ, (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਭਾਜਪਾ ਦੀ ਹਾਰ ਪਿੱਛੋਂ ਅਮਿਤ ਸ਼ਾਹ ਨੇ ਮੰਨ ਲਿਆ ਹੈ ਕਿ ਮੇਰਾ ਮੁਲੰਕਣ ਗ਼ਲਤ ਸੀ, ਪਰ ਅਸੀਂ ਚੋਣਾਂ ਸਿਰਫ਼ ਜਿੱਤਣ-ਹਾਰਨ ਲਈ ਨਹੀਂ ਲੜਦੇ। ਉਨ੍ਹਾਂ ਕਿਹਾ ਕਿ ਭਾਜਪਾ ਆਪਣੀ ਵਿਚਾਰਧਾਰਾ ਦਾ ਵਿਸਥਾਰ ਕਰਨ ਵਿੱਚ ਵਿਸ਼ਵਾਸ ਕਰਦੀ ਹੈ। ਇਸ ਦੇ ਨਾਲ ਉਨ੍ਹਾਂ ਨੇ ਕਿਹਾ ਕਿ ਦਿੱਲੀ ਚੋਣਾਂ ਦੇ ਨਤੀਜੇ ਨਾਗਰਿਕਤਾ ਸੋਧ ਕਾਨੂੰਨ ਉੱਤੇ ਜਨਤਾ ਦਾ ਫ਼ੈਸਲਾ ਨਹੀਂ ਹੈ।

ਪਿਛਲੇਰੇ ਹਫਤੇ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਦੇ ਪ੍ਰਚਾਰ ਮੌਕੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਤੇ ਭਾਜਪਾ ਦੇ ਪਾਰਲੀਮੈਂਟ ਮੈਂਬਰ ਪ੍ਰਵੇਸ਼ ਵਰਮਾ ਵੱਲੋਂ ਦਿੱਤੇ ਵਿਵਾਦਿਤ ਬਿਆਨਾਂ ਉੱਤੇ ਅਮਿਤ ਸ਼ਾਹ ਨੇ ਕਿਹਾ ਕਿ 'ਗੋਲ਼ੀ ਮਾਰੋ' ਅਤੇ 'ਭਾਰਤ-ਪਾਕਿਸਤਾਨ ਮੈਚ' ਦੇ ਬਿਆਨ ਨਹੀਂ ਦਿੱਤੇ ਜਾਣੇ ਚਾਹੀਦੇ ਸਨ, ਪਾਰਟੀ ਨੇ ਏਦਾਂ ਦੀ ਬਿਆਨਬਾਜ਼ੀ ਕਾਰਨ ਖ਼ੁਦ ਆਪਣਾ ਨੁਕਸਾਨ ਕਰਵਾਇਆ ਹੈ। ਹੋਰਨਾਂ ਰਾਜਾਂ ਦੇ ਚੋਣ ਨਤਿਜਿਆਂ ਬਾਰੇ ਅਮਿਤ ਸ਼ਾਹ ਨੇ ਕਿਹਾ ਕਿ ਕੁਝ ਸਮਾਂ



ਪਹਿਲਾਂ ਨਰਿੰਦਰ ਮੋਦੀ ਸਭ ਤੋਂ ਵੱਡੇ ਬਹੁਮੱਤ ਨਾਲ ਜਿੱਤੇ ਹਨ, ਕੁਝ ਰਾਜਾਂ ਤੋਂ ਸਫ਼ਲਤਾ ਨਹੀਂ ਮਿਲੀ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਭਾਜਪਾ ਤੋਂ ਲੋਕਾਂ ਦਾ ਵਿਸ਼ਵਾਸ ਉੱਠ ਗਿਆ ਹੈ। ਮਹਾਰਾਸ਼ਟਰ ਵਿੱਚ ਅਸੀਂ ਜਿੱਤੇ, ਹਰਿਆਣਾ ਵਿੱਚ ਸਿਰਫ਼ 6 ਸੀਟਾਂ ਘੱਟ ਸਨ। ਝਾਰਖੰਡ ਵਿੱਚ ਅਸੀਂ ਹਾਰੇ ਤੇ ਦਿੱਲੀ ਵਿੱਚ ਪਹਿਲਾਂ ਵੀ ਹਾਰੇ ਹੋਏ ਸੀ, ਫਿਰ ਵੀ ਇਸ ਵਾਰ ਸੀਟਾਂ ਅਤੇ ਵੋਟ ਫ਼ੀਸਦੀ ਵਧ ਗਈ ਹੈ।

ਇਕ ਟੀ ਵੀ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਅਸੀਂ ਸਾਫ ਮਨ ਨਾਲ ਕੰਮ ਕਰਦੇ ਹਾਂ, ਕਦੀ ਧਰਮ ਦੇ ਆਧਾਰ ਉੱਤੇ ਵਿਤਕਰਾ ਨਹੀਂ ਕੀਤਾ, ਮੈਂ ਦੱਸਣਾ ਚਾਹੁੰਦਾ ਹਾਂ ਕਿ ਨਾਗਰਕਿਤਾ ਸੋਧ ਕਾਨੂੰਨ (ਸੀ ਏ ਏ) ਵਿੱਚ ਅਜਿਹਾ ਕੋਈ ਪ੍ਰਬੰਧ ਨਹੀਂ, ਜਿਸ ਤੋਂ ਮੁਸਲਮਾਨਾਂ ਦੀ ਨਾਗਰਿਕਤਾ ਨੂੰ ਖਤਰਾ ਹੋਵੇ। ਉਨ੍ਹਾ ਕਿਹਾ ਕਿ ਕਿਸੇ ਨੇ ਅੱਜ ਤਕ ਇਹ ਨਹੀਂ ਦੱਸਿਆ ਕਿ ਸੀ ਏ ਏ ਵਿੱਚ ਇਹੋ ਜਿਹਾ ਕਿਹੜਾ ਪ੍ਰਬੰਧ ਹੈ, ਜੋ ਮੁਸਲਮਾਨਾਂ ਦੇ ਖਿਲਾਫ ਹੈ। ਭਾਜਪਾ ਦਾ ਵਿਰੋਧ ਹੀ ਕਰਨਾ ਹੈ ਤਾਂ ਕੁਝ ਵੀ ਹੋ ਸਕਦਾ ਹੈ।

# ਲਾਹੌਰ ਦੇ ਐੱਸ ਐੱਸ ਪੀ ਅਤੇ ਸਾਬਕਾ ਅਟਾਰਨੀ ਜਨਰਲ ਅਗਵਾ



ਐੱਸ ਐੱਸ ਪੀ ਮੁਫਖਾਰ ਅਦੀਲ

ਲਾਹੌਰ, 13 ਫਰਵਰੀ, (ਪੋਸਟ ਬਿਊਰੋ)- ਪਾਕਿਸਤਾਨੀ ਪੰਜਾਬ ਵਿਚ ਲਾਹੌਰ ਸ਼ਹਿਰ ਦੇ ਐੱਸ ਐੱਸ ਪੀ ਮੁਫਖਾਰ ਅਦੀਲ ਅਤੇ ਸਾਬਕਾ ਅਟਾਰਨੀ ਜਨਰਲ ਸ਼ਾਹਬਾਜ਼ ਅਹਿਮਦ ਨੂੰ ਅਗਵਾ ਕਰ ਲਿਆ ਗਿਆ ਹੈ। ਪੁਲਿਸ ਕੇਸ ਦੀ ਜਾਂਚ ਕਰ ਰਹੀ ਹੈ, ਪ੍ਰੰਤੂ ਦੋਵਾਂ ਦਾ ਅਜੇ ਤਕ ਕੋਈ ਸੁਰਾਗ ਨਹੀਂ ਲੱਗ ਸਕਿਆ।

ਨਿਊਜ਼ ਇੰਟਰਨੈਸ਼ਨਲ ਅਖ਼ਬਾਰ ਵਿੱਚ ਵੀਰਵਾਰ ਨੂੰ ਛਪੀ ਖ਼ਬਰ ਅਨੁਸਾਰ ਜ਼ਿਲਾ ਲਾਹੌਰ ਪੁਲਸ ਦੇ ਐੱਸ ਐੱਸ ਪੀ ਅਦੀਲ ਅਤੇ ਸ਼ਾਹਬਾਜ਼ ਦੋਸਤ ਸਨ। ਪਿਛਲੇ ਹਫ਼ਤੇ ਸ਼ੱਕੀ ਹਾਲਾਤ ਵਿਚ ਕੁਝ ਅਣਪਛਾਤੇ ਲੋਕਾਂ ਨੇ ਇਨ੍ਹਾਂ ਦੋ ਜਣਿਆਂ ਨੂੰ ਅਗਵਾ ਕਰ ਲਿਆ। ਪੰਜਾਬ ਸੂਬੇ ਦੇ ਆਈ ਜੀ ਸ਼ੋਏਬ ਦਸਤਗੀਰ ਨੇ ਕੇਸ ਦੀ ਉੱਚ ਪੱਧਰੀ ਜਾਂਚ ਦਾ ਆਦੇਸ਼ ਦਿੱਤਾ ਹੈ। ਲਾਹੌਰ ਸ਼ਹਿਰ ਦੇ ਜੌਹਰ ਟਾਊਨ ਅਤੇ ਨਸੀਰਾਬਾਦ ਥਾਣਿਆਂ ਵਿਚ ਵੱਖ-ਵੱਖ ਕੇਸ ਦਰਜ ਕੀਤੇ ਗਏ ਹਨ। ਇਸ ਬਾਰੇ ਥਾਣਾ ਨਸੀਰਾਬਾਦ ਵਿੱਚ ਦਰਜ ਕੀਤੀ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਸ਼ਾਹਬਾਜ਼ ਸੱਤ ਫਰਵਰੀ ਨੂੰ ਆਪਣੇ ਦਫ਼ਤਰ ਤੋਂ ਨਿਕਲਣ ਪਿੱਛੋਂ ਨਜ਼ਰ ਨਹੀਂ ਆਏ। ਇਸੇ ਦਿਨ ਐੱਸ ਐੱਸ ਪੀ ਦੇ ਲਾਪਤਾ ਹੋਣ ਦੀ ਖ਼ਬਰ ਵੀ ਆਈ ਸੀ ਤੇ ਉਨ੍ਹਾਂ ਦੀ ਪਤਨੀ ਨੇ ਜੌਹਰ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ ਹੈ। ਅਦੀਲ ਦੀ ਸਰਕਾਰੀ ਗੱਡੀ ਇਕ ਸ਼ਾਪਿੰਗ ਮਾਲ ਦੇ ਬਾਹਰੋਂ ਮਿਲੀ ਹੈ। ਦੋਵਾਂ ਦੇ ਮੋਬਾਈਲ ਫੋਨ ਵੀ ਬੰਦ ਹਨ। ਪੁਲਿਸ ਸੂਤਰਾਂ ਮੁਤਾ-ਬਕ ਅਦੀਲ ਪਿਛਲੇ ਕੁਝ ਦਿਨਾਂ ਤੋਂ ਕਿਸੇ ਕੇਸ ਦੀ ਗੁਪਤ ਜਾਂਚ ਕਰ ਰਹੇ ਸਨ।

# ਨਹਿਰੂ ਅਤੇ ਪਟੇਲ ਦੇ ਨਾਂ ਵਿਦੇਸ਼ ਮੰਤਰੀ ਅਤੇ ਇਤਹਾਸਕਾਰ ਭਿੜ ਗਏ

ਨਵੀਂ ਦਿੱਲੀ, 13 ਫਰਵਰੀ, (ਪੋਸਟ ਬਿਊਰੋ)- ਸਾਲ 1947 ਵਿੱਚ ਆਜ਼ਾਦੀ ਮਿਲਣ ਵੇਲੇ ਪੰਡਿਤ ਜਵਾਹਰ ਲਾਲ ਨਹਿਰੂ ਆਪਣੀ ਪਹਿਲੀ ਕੈਬਨਿਟ ਵਿੱਚ ਸਰਦਾਰ ਪਟੇਲ ਨੂੰ ਰੱਖਣਾ ਚਾਹੁੰਦੇ ਸਨ ਜਾਂ ਨਹੀਂ, ਇਸ ਮੁੱਦੇ ਤੋਂ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਅਤੇ ਇਤਿਹਾਸਕਾਰ ਰਾਮਚੰਦਰ ਗੁਹਾ ਆਹਮੋ-ਸਾਹਮਣੇ ਆ ਗਏ ਹਨ ਅਤੇ ਉਨ੍ਹਾਂ ਵਿਚ ਟਵਿਟਰ ਵਾਰ ਸ਼ੁਰੂ ਹੋ ਗਈ ਹੈ। ਵਿਦੇਸ਼ ਮੰਤਰੀ ਨੇ ਕੱਲ੍ਹ ਇਕ ਕਿਤਾਬ ਰਿਲੀਜ਼ ਕੀਤੀ ਸੀ। ਇਹ ਕਿਤਾਬ ਓਦੋਂ ਪਟੇਲ ਦੇ ਸਹਾਇਕ ਰਹੇ ਵੀ ਪੀ ਮੈਨਨ ਦੇ ਹਵਾਲੇ ਨਾਲ ਲਿਖੀ ਗਈ ਹੈ ਅਤੇ ਇਸ ਦੇ ਆਧਾਰ ਉੱਤੇ ਵਿਦੇਸ਼ ਮੰਤਰੀ ਨੇ ਦਾਅਵਾ ਕੀਤਾ ਕਿ ਪੰਡਿਤ ਨਹਿਰੂ ਸਾਲ 1947 ਦੀ ਕੈਬਨਿਟ ਵਿੱਚ ਪਟੇਲ ਨੂੰ ਨਹੀਂ ਲੈਣਾ ਚਾਹੁੰਦੇ ਸਨ।

ਇਤਹਾਸਕਾਰ ਰਾਮਚੰਦਰ ਗੁਹਾ ਨੇ ਵਿਦੇਸ਼ ਮੰਤਰੀ ਦੇ ਇਸ ਬਿਆਨ ਨੂੰ ਗਲਤ ਕਹਿ ਕੇ ਨਹਿਰੂ ਅਤੇ ਪਟੇਲ ਵਿਚ ਹੋਏ ਚਿੱਠੀ-ਪੱਤਰ ਦਾ ਹਵਾਲਾ ਦੇਂਦੇ ਹੋਏ ਕਿਹਾ ਕਿ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਤਾਂ ਸਰਦਾਰ ਪਟੇਲ ਨੂੰ ਆਪਣੀ ਕੈਬਨਿਟ ਦਾ ਮਜਬੂਤ ਥੰਮ੍ਹ ਮੰਨਦੇ ਸਨ। ਇਸ ਵਿਵਾਦ ਦਾ ਮੁੱਢ ਬੀਤੇ ਬੁੱਧਵਾਰ ਬੱਝਾ ਸੀ। ਪਹਿਲੇ ਗ੍ਰਹਿ ਮੰਤਰੀ ਸਰਦਾਰ ਪਟੇਲ ਦੇ ਇੱਕ ਸਹਿਯੋਗੀ ਅਤੇ ਆਈ ਏ ਐੱਸ ਅਧਿਕਾਰੀ ਵੀ ਪੀ ਮੈਨਨ ਦੀ ਜੀਵਨੀ ਬਾਰੇ ਨਾਰਾਇਣੀ ਬਸੂ ਦੀ ਕਿਤਾਬ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਰਿਲੀਜ਼ ਕੀਤੀ ਤਾਂ ਇਸ ਮੌਕੇ ਜੈਸ਼ੰਕਰ ਨੇ ਇਕ ਟਵੀਟ ਕੀਤਾ ਕਿ ਇਸ ਕਿਤਾਬ ਤੋਂ ਜਾਣਕਾਰੀ ਮਿਲੀ ਹੈ ਕਿ ਸਰਦਾਰ ਪਟੇਲ ਨੂੰ ਪੰਡਿਤ ਨਹਿਰੂ ਆਪਣੀ ਕੈਬਨਿਟ ਵਿੱਚ ਨਹੀਂ ਲੈਣਾ ਚਾਹੁੰਦੇ ਸਨ ਅਤੇ ਸਾਲ 1947 ਦੀ ਕੈਬਨਿਟ ਦੀ ਮੁੱਢਲੀ ਸੂਚੀ ਵਿੱਚ ਉਨ੍ਹਾਂ ਦਾ ਨਾਂ ਨਹੀਂ ਸੀ। ਸਾਫ ਤੌਰ ਉੱਤੇ ਇਹ ਕਾਫੀ ਚਰਚਾ ਦਾ ਵਿਸ਼ਾ ਹੈ, ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਲੇਖਕਾ ਨੇ ਇਸ ਗੱਲ ਨੂੰ ਕਾਫੀ ਠੋਸ ਤਰੀਕੇ ਨਾਲ ਰੱਖਿਆ ਹੈ।

# ਅਜਨਾਲਾ ਪਿਤਾ-ਪੁੱਤਰ ਟਕਸਾਲੀਆਂ ਨੂੰ ਛੱਡ ਕੇ ਫਿਰ ਬਾਦਲਾਂ ਦੀ ਬੱਸ ਵਿੱਚ ਜਾ ਚੜ੍ਹੇ

*** ਵੱਡੇ ਬਾਦਲ ਵੱਲੋਂ ਕੈਪਟਨ ਨੂੰ ਚੈਲਿੰਜ, ਵਾਅਦੇ ਪੂਰੇ ਕਰੋ ਜਾਂ ਗੱਦੀ ਛੱਡੋ**

ਰਾਜਾਸਾਂਸੀ, 13 ਫਰਵਰੀ, (ਪੋਸਟ ਬਿਊਰੋ)- ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਧੜੱਲੇਦਾਰ ਜਿੱਤ ਹੁੰਦੇ ਸਾਰ ਹੀ ਸੁਖਬੀਰ ਸਿੰਘ ਬਾਦਲ ਨੇ ਆਪਣੀ ਪਾਰਟੀ ਮਜ਼ਬੂਤੀ ਕਰਨ ਲਈਂ ਅਚਾਨਕ ਸਾਬਕਾ ਪਾਰਲੀਮੈਂਟ ਮੈਂਬਰ ਡਾਕਟਰ ਰਤਨ ਸਿੰਘ ਅਜਨਾਲਾ ਤੇ ਉਸ ਦੇ ਸਾਬਕਾ ਵਿਧਾਇਕ ਪੁੱਤਰ ਅਮਰਪਾਲ ਸਿੰਘ ਬੋਨੀ ਨੂੰ ਆਪਣੇ ਵੱਲ ਖਿੱਚ ਲਿਆ ਹੈ। ਉਨ੍ਹਾਂ ਨੂੰ ਲੈਣ ਲਈ ਸੁਖਬੀਰ ਸਿੰਘ ਬਾਦਲ ਅੱਜ ਉਨ੍ਹਾਂ ਦੇ ਘਰ ਪਹੁੰਚੇ ਅਤੇ ਕੁਝ ਦੇਰ ਗੱਲਬਾਤ ਕਰਨ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਡਾਕਟਰ ਰਤਨ ਸਿੰਘ ਅਜਨਾਲਾ ਤੇ ਅਮਰਪਾਲ ਸਿੰਘ ਬੋਨੀ ਨੂੰ ਸਿਰੋਪਾ ਦੇ ਕੇ ਸਨਮਾਨਿਤ ਕਰਦੇ ਹੋਏ ਅਕਾਲੀ ਦਲ ਵਿੱਚ ਦੁਬਾਰਾ ਸ਼ਾਮਲ ਕਰਨ ਦਾ ਐਲਾਨ ਕਰ ਦਿੱਤਾ।



ਇਸ ਤੋਂ ਬਾਅਦ ਅਮਰਪਾਲ ਸਿੰਘ ਬੋਨੀ ਅਜਨਾਲਾ ਨੂੰ ਨਾਲ ਲੈ ਕੇ ਸੁਖਬੀਰ ਸਿੰਘ ਬਾਦਲ ਰਾਜਾਸਾਂਸੀ ਵਿੱਚ ਹੋ ਰਹੀ ਅਕਾਲੀ ਰੈਲੀ ਵਿੱਚ ਪਹੁੰਚੇ। ਡਾਕਟਰ ਰਤਨ ਸਿੰਘ ਅਜਨਾਲਾ ਅਕਾਲੀ ਦਲ ਵਿੱਚ ਸ਼ਾਮਲ ਹੋਏ, ਪਰ ਅਕਾਲੀ ਦਲ ਦੀ ਰੈਲੀ ਵਿੱਚ ਨਹੀਂ ਗਏ। ਇਸ ਬਾਰੇ ਪੁੱਛੇ ਜਾਣ ਉੱਤੇ ਉਨ੍ਹਾਂ ਨੇ ਗੋਲਮੋਲ ਜਵਾਬ ਦਿੱਤਾ ਕਿ ਸੁਖਬੀਰ ਸਿੰਘ ਉਨ੍ਹਾਂ ਦਾ ਹਾਲਚਾਲ ਪੁੱਛਣ ਆਏ ਸਨ। ਦੂਸਰੇ ਪਾਸੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੈਨੂੰ ਖ਼ੁਸ਼ੀ ਹੈ ਕਿ ਅਜਨਾਲਾ ਪਰਿਵਾਰ ਫਿਰ ਅਕਾਲੀ ਦਲ ਵਿੱਚ ਸ਼ਾਮਲ ਹੋ ਗਿਆ ਹੈ। ਵਰਨਣ ਯੋਗ ਹੈ ਕਿ ਅਕਾਲੀ ਦਲ ਨਾਲ ਅਜਨਾਲਾ ਪਰਿਵਾਰ ਦਾ ਮੁੜ ਕੇ ਜੁੜਨਾ ਟਕਸਾਲੀ ਆਗੂਆਂ ਲਈ ਵੱਡਾ ਝਟਕਾ ਮੰਨਿਆ ਗਿਆ ਹੈ। ਅਕਾਲੀ ਆਗੂਆਂ ਵਿੱਚੋਂ ਰਣਜੀਤ ਸਿੰਘ ਬ੍ਰਹਮਪੁਰਾ ਦੀ ਅਗਵਾਈ ਵਿੱਚ ਅਕਾਲੀ ਦਲ ਟਕਸਾਲੀ ਬਣਾਉਣ ਵੇਲੇ ਸਾਬਕਾ ਪਾਰਲੀਮੈਂਟ ਮੈਂਬਰ ਡਾਕਟਰ ਰਤਨ ਸਿੰਘ ਅਜਨਾਲਾ ਤੇ ਉਨ੍ਹਾਂ ਦੇ ਸਾਬਕਾ ਵਿਧਾਇਕ ਪੁੱਤਰ ਅਮਰਪਾਲ ਸਿੰਘ ਬੋਨੀ ਸਣੇ ਸੀਨੀਅਰ ਆਗੂਆਂ ਦੀ ਮਹੱਤਵ ਪੂਰਨ ਭੂਮਿਕਾ ਸੀ ਅਤੇ ਕਦੇ ਵੀ ਪਿੱਛੇ ਮੁੜਨ ਦੇ ਐਲਾਨ ਕਰਦੇ ਰਹੇ ਸਨ।

ਅਜਨਾਲਾ ਪਿਤਾ-ਪੁੱਤਰ ਦੀ ਵਾਪਸੀ ਦੇ ਬਾਅਦ ਅੱਜ ਰਾਜਾਸਾਂਸੀ ਵਿੱਚ ਹੋਈ ਰੈਲੀ ਵਿੱਚ ਸਾਬਕਾ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਚੋਣਾਂ ਸਮੇਂ ਕਾਂਗਰਸ ਨੇ ਜਨਤਾ ਨਾਲ ਕਈ ਵਾਅਦੇ ਕੀਤੇ ਸਨ, ਪਰ ਪੂਰੇ ਨਹੀਂ ਕੀਤੇ। ਉਨ੍ਹਾ ਸਟੇਜ ਤੋਂ ਕੈਪਟਨ ਅਮਰਿੰਦਰ ਸਿੰਘ ਨੂੰ ਵੰਗਾਰਿਆ ਕਿ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰੋ ਜਾਂ ਗੱਦੀ ਛੱਡ ਦਿਓ। ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ ਗੁਟਕਾ ਸਾਹਿਬ ਉੱਤੇ ਹੱਥ ਰੱਖ ਕੇ ਝੂਠ ਬੋਲਿਆ ਤੇ ਕਈ ਵਾਅਦੇ ਕੀਤੇ ਸਨ, ਪਰ ਉਹ ਇਕ ਵੀ ਵਾਅਦਾ ਗਿਣਾ ਦੇਵੇ, ਜੋ ਉਸ ਨੇ ਪੂਰਾ ਕੀਤਾ ਹੋਵੇ। ਉਨ੍ਹਾਂ ਕਿਹਾ ਕਿ ਵਾਅਦਾ ਖ਼ਿਲਾਫ਼ੀ ਕਰਨ ਵਾਲਿਆਂ ਖਿਲਾਫ਼ ਕਾਨੂੰਨ ਬਣਨਾ ਚਾਹੀਦਾ ਹੈ।

## ਸੁਪਰੀਮ ਕੋਰਟ ਦਾ ਸਖਤ ਫੈਸਲਾ

# ਸਿਆਸੀ ਪਾਰਟੀਆਂ ਨੂੰ ਦਾਗ਼ੀ ਉਮੀਦਵਾਰਾਂ ਦਾ ਵੇਰਵਾ ਵੈਬਸਾਈਟ ਉਤੇ ਪਾਉਣ ਦਾ ਹੁਕਮ

ਨਵੀਂ ਦਿੱਲੀ, 13 ਫਰਵਰੀ, (ਪੋਸਟ ਬਿਊਰੋ)- ਭਾਰਤ ਦੀ ਰਾਜਨੀਤੀ ਵਿੱਚ ਲਗਾਤਾਰ ਵਧਦੇ ਜਾ ਰਹੇ ਅਪਰਾਧੀਕਰਨ ਨੂੰ ਸਪੀਡ ਬਰੇਕਰ ਲਾਉਣ ਲਈ ਸੁਪਰੀਮ ਕੋਰਟ ਨੇ ਸਾਰੀਆਂ ਰਾਜਸੀ ਪਾਰਟੀਆਂ ਨੂੰ ਹੁਕਮ ਦਿਤਾ ਹੈ ਕਿ ਉਹ ਚੋਣਾਂ ਲੜਨ ਵਾਲੇ ਆਪਣੇ ਉਮੀਦਵਾਰਾਂ ਵਿਰੁਧ ਚੱਲਦੇ ਅਪਰਾਧਕ ਕੇਸਾਂ ਦਾ ਵੇਰਵਾ ਆਪੋ-ਅਪਣੀ ਵੈੱਬਸਾਈਟ ਉੱਤੇ ਪਾਉਣ। ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਕਿਹਾ ਕਿ ਰਾਜਸੀ ਪਾਰਟੀਆਂ ਨੂੰ ਅਪਣੀ ਵੈੱਬਸਾਈਟ ਉੱਤੇ ਇਹੋ ਜਿਹੇ ਵਿਅਕਤੀਆਂ ਨੂੰ ਉਮੀਦਵਾਰ ਬਣਾਉਣ ਦਾ ਕਾਰਨ ਵੀ ਦੱਸਣਾ ਪਵੇਗਾ, ਜਿਨ੍ਹਾਂ ਵਿਰੁਧ ਅਪਰਾਧਕ ਕੇਸ ਚੱਲ ਰਹੇ ਹਨ। ਸੁਪਰੀਮ ਕੋਰਟ ਦੇ ਜਸਟਿਸ ਆਰ ਐਫ਼ ਨਰੀਮਨ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਕਿਹਾ ਕਿ ਅਜਿਹੇ ਉਮੀਦਵਾਰਾਂ ਦੀ ਚੋਣ ਨੂੰ ਜਿੱਤਣ ਦੀ ਸੰਭਾਵਨਾ ਤੋਂ ਹਟ ਕੇ ਉਨ੍ਹਾਂ ਦੀ ਯੋਗਤਾ ਅਤੇ ਮੈਰਿਟ ਨੂੰ ਜਾਇਜ਼ ਮੰਨਣ ਦਾ ਕਾਰਨ ਵੀ ਪਾਰਟੀਆਂ ਨੂੰ ਦੱਸਣਾ ਪਵੇਗਾ, ਜਿਨ੍ਹਾਂ ਵਿਰੁੱਧ ਅਪਰਾਧਕ ਕੇਸ ਚੱਲਦੇ ਹਨ। ਰਾਜਨੀਤੀ ਦੇ ਅਪਰਾਧੀਕਰਨ ਦੇ ਸਵਾਲ ਉੱਤੇ ਸੁਪਰੀਮ ਕੋਰਟ ਦੇ ਸਤੰਬਰ 2018 ਦੇ ਫ਼ੈਸਲੇ ਨਾਲ



ਸਬੰਧਤ ਹੁਕਮਾਂ ਦੀ ਪਾਲਣਾ ਨਾ ਕਰਨ ਦੇ ਆਧਾਰ ਉੱਤੇ ਪੇਸ਼ ਹੋਈ ਮਾਣਹਾਨੀ ਪਟੀਸ਼ਨ ਉੱਤੇ ਅੱਜ ਸੁਪਰੀਮ ਕੋਰਟ ਨੇ ਇਹ ਨਵਾਂ ਹੁਕਮ ਦਿਤਾ ਹੈ। ਇਸ ਤਾਜ਼ਾ ਫ਼ੈਸਲੇ ਵਿਚ ਅਦਾਲਤ ਨੇ ਉਮੀਦਵਾਰਾਂ ਦੇ ਅਪਰਾਧਕ ਪਿਛੋਕੜ ਦੇ ਵੇਰਵੇ ਦਾ ਐਲਾਨ ਕਰਨ ਬਾਰੇ ਕਈ ਨਿਰਦੇਸ਼ ਦਿਤੇ ਤੇ ਰਾਜਸੀ ਪਾਰਟੀਆਂ ਨੂੰ ਇਹ ਸਲਾਹ ਦਿਤੀ ਹੈ ਕਿ ਉਹ ਸਾਰੇ ਵੇਰਵੇ ਫ਼ੇਸਬੁਕ ਅਤੇ ਟਵਿਟਰ ਵਰਗੇ ਸੋਸ਼ਲ ਮੀਡੀਆ ਮੰਚ ਉੱਤੇ ਜਨਤਕ ਕਰਨ ਤੋਂ ਇਲਾਵਾ ਸਥਾਨਕ ਭਾਸ਼ਾ ਤੇ ਕੌਮੀ ਪੱਧਰ ਦੇ ਅਖ਼ਬਾਰ ਵਿਚ ਇਸ ਨੂੰ ਛਪਵਾਉਣ। ਇਸ ਤੋਂ ਪਹਿਲਾਂ ਅਦਾਲਤ ਨੇ ਟਿਪਣੀ ਕੀਤੀ ਸੀ ਕਿ ਆਪਣੇ ਅਪਰਾਧਕ ਪਿਛੋਕੜ ਦੀ ਜਾਣਕਾਰੀ ਨਾ ਦੇਣ ਵਾਲੇ ਉਮੀਦਵਾਰਾਂ ਤੇ ਰਾਜਸੀ ਪਾਰਟੀਆਂ ਨੂੰ ਜੁਰਮਾਨਾ ਲਾਉਣ ਬਾਰੇ ਬੜੀ ਸਾਵਧਾਨੀ ਨਾਲ ਵਿਚਾਰ ਕਰਨਾ ਪਵੇਗਾ, ਕਿਉਂਕਿ ਆਮ ਕਰ ਕੇ ਵਿਰੋਧੀ ਉਮੀਦਵਾਰ ਰਾਜਸੀ ਸੋਚ ਨਾਲ ਗੰਭੀਰ ਦੋਸ਼ ਲਾਉਂਦੇ ਹਨ। ਸਤੰਬਰ 2018 ਵਿਚ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨ ਬੈਂਚ ਨੇ ਸਰਬ ਸੰਮਤੀ ਦੇ ਫ਼ੈਸਲੇ ਵਿਚ ਕਿਹਾ ਸੀ ਕਿ ਉਮੀਦਵਾਰਾਂ ਨੂੰ ਚੋਣ ਲੜਨ ਤੋਂ ਪਹਿਲਾਂ ਚੋਣ ਕਮਿਸ਼ਨ ਨੂੰ ਅਪਣਾ ਅਪਰਾਧਕ ਪਿਛੋਕੜ ਦਸਣਾ ਪਵੇਗਾ। ਅਦਾਲਤ ਨੇ ਇਹ ਵੇਰਵੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਵਿਚ ਪ੍ਰਮੁੱਖਤਾ ਨਾਲ ਪ੍ਰਚਾਰਨ ਤੇ ਛਪਵਾਉਣ ਉੱਤੇ ਵੀ ਜ਼ੋਰ ਦਿਤਾ ਸੀ। ਭਾਰਤ ਦੀ ਸਭ ਤੋਂ ਵੱਡੀ ਅਦਾਲਤ ਨੇ ਕਿਹਾ ਕਿ ਰਾਜਸੀ ਪਾਰਟੀਆਂ ਨੂੰ ਅਜਿਹੇ ਉਮੀਦਵਾਰਾਂ ਦੀ ਚੋਣ ਬਾਰੇ 72 ਘੰਟਿਆਂ ਦੇ ਵਿੱਚ ਚੋਣ ਕਮਿਸ਼ਨ ਨੂੰ ਪਾਲਣਾ ਰੀਪੋਰਟ ਦੇਣੀ ਪਵੇਗੀ, ਜਿਨ੍ਹਾਂ ਵਿਰੁੱਧ ਅਪਰਾਧਕ ਕੇਸ ਚੱਲਦੇ ਹਨ। ਅਦਾਲਤ ਨੇ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿਤਾ ਕਿ ਜੇ ਰਾਜਸੀ ਪਾਰਟੀਆਂ ਇਸ ਹੁਕਮ ਦੀ ਪਾਲਣਾ ਨਾ ਕਰਨ ਤਾਂ ਇਸ ਬਾਰੇ ਸੁਪਰੀਮ ਕੋਰਟ ਨੂੰ ਦੱਸਿਆ ਜਾਵੇ। ਅਦਾਲਤ ਨੇ ਫ਼ੈਸਲਾ ਦੇਂਦਿਆਂ ਇਹ ਵੀ ਕਿਹਾ ਕਿ ਲਗਦਾ ਹੈ ਕਿ ਪਿਛਲੀਆਂ ਚਾਰ ਆਮ ਚੋਣਾਂ ਵਿਚ ਰਾਜਨੀਤੀ ਦੇ ਅਪਰਾਧੀਕਰਨ ਵਿਚ ਚਿੰਤਾ ਜਨਕ ਵਾਧਾ ਹੋਇਆ ਹੈ। ਇਸ ਫੈਸਲੇ ਦੀ ਕਈ ਪਾਸਿਆਂ ਤੋਂ ਸ਼ਲਾਘਾ ਹੋਈ ਹੈ।










# ਬੱਸ ਦੀ ਫੇਟ ਨਾਲ ਮੋਟਰਸਾਈਕਲ ਚਲਾਕ ਦੀ ਮੌਤ, ਧੀ ਜ਼ਖ਼ਮੀ

ਪਠਾਨਕੋਟ, 13 ਫਰਵਰੀ (ਪੋਸਟ ਬਿਊਰੋ)- ਪਠਾਨਕੋਟ-ਅੰਮ੍ਰਿਤਸਰ ਨੈਸ਼ਨਲ ਹਾਈਵੇ ਉੱਤੇ ਯੂ ਬੀ ਡੀ ਸੀ ਕਾਲੋਨੀ ਸਰਨਾ ਦੇ ਸਾਹਮਣੇ ਕੱਲ੍ਹ ਇੱਕ ਪ੍ਰਾਈਵੇਟ ਬੱਸ ਦੀ ਲਪੇਟ ਵਿੱਚ ਆ ਜਾਣ ਨਾਲ ਮੋਟਰਸਾਈਕਲ ਦੇ ਸਵਾਰ ਬਾਪ-ਬੇਟੀ ਵਿੱਚੋਂ ਬਾਪ ਦੀ ਮੌਤ ਹੋ ਗਈ ਅਤੇ ਬੇਟੀ ਵੀ ਗੰਭੀਰ ਜ਼ਖ਼ਮੀ ਹੋ ਗਈ ਜਿਸ ਨੂੰ ਨੇੜਲੇ ਪ੍ਰਾਈਵੇਟ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਮ੍ਰਿਤਕ ਦੀ ਪਛਾਣ ਵਿਜੇ ਕੁਮਾਰ ਵਾਸੀ ਬਲਸੂਆ ਪਿੰਡ ਵਜੋਂ ਹੋਈ ਹੈ।

ਪਤਾ ਲੱਗਾ ਹੈ ਕਿ ਵਿਜੇ ਕੁਮਾਰ ਆਪਣੇ ਪਿੰਡ ਤੋਂ ਮੋਟਰਸਾਈਕਲ ਉੱਤੇ ਆਪਣੀ ਬੇਟੀ ਪ੍ਰਿਅੰਕਾ ਨੂੰ, ਜੋ ਚੰਡੀਗੜ੍ਹ ਵਿੱਚ ਨੌਕਰੀ ਕਰਦੀ ਹੈ, ਬੱਸ ਵਿੱਚ ਬਿਠਾਉਣ ਲਈ ਪਠਾਨਕੋਟ ਜਾ ਰਿਹਾ ਸੀ ਕਿ ਰਾਹ ਵਿੱਚ ਸਰਨਾ ਕਾਲੋਨੀ ਕੋਲ ਪੁੱਜ ਕੇ ਸਾਹਮਣਿਉਂ ਆਈ ਪ੍ਰਾਈਵੇਟ ਬੱਸ ਨੇ ਉਸ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਵਿਜੇ ਕੁਮਾਰ ਦਾ ਚਿਹਰਾ ਬੁਰੀ ਤਰ੍ਹਾਂ ਚਿੱਥਿਆ ਗਿਆ ਤੇ ਉਸ ਦੀ ਮੌਕੇ 'ਤੇ ਮੌਤ ਹੋ ਗਈ। ਇਸ ਦੀ ਸੂਚਨਾ ਮਿਲਦੇ ਸਾਰ ਡਵੀਜ਼ਨ ਨੰਬਰ 1 ਦੇ ਥਾਣਾ ਮੁਖੀ ਇਕਬਲ ਸਿੰਘ ਮੌਕੇ ਪੁੱਜੇ ਅਤੇ ਮੌਕੇ ਦੀ ਜਾਂਚ ਕੀਤੀ। ਉਨ੍ਹਾਂ ਦੱਸਿਆ ਕਿ ਬੱਸ ਡਰਾਈਵਰ ਫ਼ਰਾਰ ਹੋ ਗਿਆ, ਪਰ ਉਸ ਦੇ ਖ਼ਿਲਾਫ਼ ਕੇਸ ਦਰਜ ਕਰ ਦਿੱਤਾ ਹੈ। ਮ੍ਰਿਤਕ ਦੇ ਰਿਸ਼ਤੇਦਾਰਾਂ ਅਨੁਸਾਰ ਪ੍ਰਿਅੰਕਾ ਚੰਡੀਗੜ੍ਹ ਵਿੱਚ ਨੌਕਰੀ ਕਰਦੀ ਹੈ ਤੇ ਕੁਝ ਦਿਨ ਪਹਿਲਾਂ ਆਪਣੇ ਰਿਸ਼ਤੇਦਾਰਾਂ ਵਿੱਚ ਵਿਆਹ ਹੋਣ ਕਾਰਨ ਪਿੰਡ ਆਈ ਹੋਈ ਸੀ ਅਤੇ ਕੱਲ੍ਹ ਉਸ ਦਾ ਪਿਤਾ ਉਸ ਨੂੰ ਬੱਸ ਵਿੱਚ ਚੜ੍ਹਾਉਣ ਲਈ ਪਠਾਨਕੋਟ ਬੱਸ ਅੱਡੇ ਵੱਲ ਜਾ ਰਿਹਾ ਸੀ।

# ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਵਿਰੁੱਧ ਲੌਂਗੋਵਾਲ ਭੜਕਿਆ

ਅੰਮ੍ਰਿਤਸਰ, 13 ਫਰਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਸਿੱਖਾਂ ਦੇ ਸਿਰ ਉੱਤੇ ਸਿਰਜੀ ਇਸ ਸੰਸਥਾ ਦੇ 100 ਸਾਲ ਪੂਰੇ ਹੋਣ ਵਾਲੇ ਹਨ, ਪਰ ਕੁਝ ਆਪਣੇ ਲੋਕਾਂ ਵਲੋਂ ਹੀ ਇਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਰਚਰਨ ਸਿੰਘ ਸਾਬਕਾ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਵਲੋਂ ਸ਼੍ਰੋਮਣੀ ਕਮੇਟੀ ਦੀ ਕਾਰਜਸ਼ੈਲੀ ਉੱਤੇ ਸਵਾਲ ਕਰਨੇ ਉਸ ਦੇ ਦੋਗਲੇਪਣ ਦਾ ਪ੍ਰਗਟਾਵਾ ਹੈ।



ਗੋਬਿੰਦ ਸਿੰਘ ਲੌਂਗੋਵਾਲ, ਸੀਨੀਅਰ ਮੀਤ ਪ੍ਰਧਾਨ ਰਾਜਿੰਦਰ ਸਿੰਘ ਮਹਿਤਾ ਤੇ ਜਨਰਲ ਸਕੱਤਰ ਹਰਜਿੰਦਰ ਸਿੰਘ ਧਾਮੀ ਨੇ ਸਾਂਝੇ ਤੌਰ ਉੱਤੇ ਕਿਹਾ ਕਿ ਹਰਚਰਨ ਸਿੰਘ ਖੁਦ ਇਸ ਕਮੇਟੀ ਦੀ ਸਿਖਰਲੀ ਪ੍ਰਬੰਧਕੀ ਪਦਵੀ ਉੱਤੇ ਰਹੇ ਹਨ। ਆਪਣੇ ਸਮੇਂ ਦੌਰਾਨ ਉਨ੍ਹਾਂ ਨੇ ਸੰਸਥਾ ਦੇ ਹਰ ਫੈਸਲੇ ਉੱਤੇ ਸਹਿਮਤੀ ਦੇ ਕੇ ਫਾਈਲਾਂ ਅੱਗੇ ਭੇਜੀਆਂ। ਉਸ ਦੇ ਲਾਏ ਦੋਸ਼ਾਂ ਵਿੱਚ ਜੇ ਕੋਈ ਵਜ਼ਨ ਹੈ ਤਾਂ ਉਹ ਫਾਈਲਾਂ ਉੱਤੇ ਦਸਖ਼ਤ ਕਿਉਂ ਕਰਦਾ ਸੀ। ਹਰ ਮਤਾ ਉਸ ਦੇ ਦਸਤਖ਼ਤਾਂ ਨਾਲ ਰਿਲੀਜ਼ ਹੁੰਦਾ ਸੀ। ਸਾਲ 2015 ਵਿਚ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਦੀ ਮੁਆਫ਼ੀ ਬਾਰੇ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਫੈਸਲੇ ਵਾਲੇ ਮਤੇ ਉੱਤੇ ਵੀ ਹਰਚਰਨ ਸਿੰਘ ਦੇ ਦਸਖ਼ਤ ਹਨ, ਜੇ ਉਹ ਇਸ ਫੈਸਲੇ ਨਾਲ ਸਹਿਮਤ ਨਹੀਂ ਸੀ ਤਾਂ ਮਤਾ ਜਾਰੀ ਕਿਉਂ ਕੀਤਾ। ਉਹ ਸ਼੍ਰੋਮਣੀ ਕਮੇਟੀ ਤੋਂ ਸਭ ਸਹੂਲਤਾਂ ਲੈਂਦਾ ਰਿਹਾ ਅਤੇ ਅੱਜ ਬਦਨਾਮੀ ਕਰ ਰਿਹਾ ਹੈ। ਉਸ ਨੇ ਸੰਸਥਾ ਵਿੱਚੋਂ 23 ਮਹੀਨਿਆਂ ਵਿੱਚ ਲਗਭਗ 84 ਲੱਖ ਰੁਪਏ ਤਨਖ਼ਾਹ, ਭੱਤੇ ਅਤੇ ਸਹੂਲਤਾਂ ਵਜੋਂ ਵਸੂਲ ਕੀਤੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਸਕੱਤਰ ਪੱਧਰ ਦੇ ਅਧਿਕਾਰੀ ਲਈ ਬਣਾਈ ਕੋਠੀ ਉਸ ਨੇ ਪ੍ਰਵਾਨ ਨਹੀਂ ਕੀਤੀ। ਆਪਣੀ ਮਰਜ਼ੀ ਦੇ ਨਾਲ ਗੱਡੀਆਂ ਖਰੀਦਦਾ ਰਿਹਾ। ਉਨ੍ਹਾਂ ਕਿਹਾ ਕਿ ਹਰਚਰਨ ਸਿੰਘ ਨੇ ਆਪਣੀ ਨਿਯੁਕਤੀ ਵਿਰੁੱਧ ਅਦਾਲਤੀ ਕੇਸ ਦੇ ਵਕੀਲ ਦੀ ਫੀਸ 2 ਲੱਖ 50 ਹਜ਼ਾਰ ਰੁਪਏ ਦੇਣ ਬਹਾਨੇ ਆਪਣੇ ਨਿੱਜੀ ਖਾਤੇ ਵਿੱਚ ਪਵਾਏ, ਜੋ ਸ਼੍ਰੋਮਣੀ ਕਮੇਟੀ ਵੱਲੋਂ ਦੇਣੇ ਬਣਦੇ ਹੀ ਨਹੀਂ ਸਨ। ਇਸ ਤਰ੍ਹਾਂ ਉਸ ਨੇ ਇਸ ਅਹੁਦੇ ਦੀ ਗਲਤ ਵਰਤੋਂ ਕੀਤੀ। ਇਸੇ ਕਰ ਕੇ ਉਸ ਨੂੰ ਸੰਸਥਾ ਤੋਂ ਕੱਢਿਆ ਗਿਆ ਤਾਂ ਉਸ ਨੇ ਵਿਰੋਧੀਆਂ ਦਾ ਹੱਥ-ਠੋਕਾ ਬਣ ਕੇ ਕਮੇਟੀ ਦੇ ਮਾਣ-ਸਨਮਾਨ ਨੂੰ ਢਾਹ ਲਾਈ ਹੈ। ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਪੰਡਾਲ ਲਾਉਣ ਦੇ ਟੈਂਡਰ ਮੰਗੇ ਸਨ। ਇਸ ਬਾਰੇ ਬਣੀ ਸਬ-ਕਮੇਟੀ ਨੇ ਟੈਂਡਰਾਂ ਵਿੱਚੋਂ ਸ਼ੋਅ ਕਰਾਫਟ ਪ੍ਰਾਈਵੇਟ ਲਿਮਟਿਡ ਕੰਪਨੀ ਦਿੱਲੀ ਦਾ ਟੈਂਡਰ ਪ੍ਰਵਾਨ ਕੀਤਾ ਸੀ, ਜਿਸ ਅਨੁਸਾਰ ਮੇਨ ਪੰਡਾਲ ਉੱਤੇ 2 ਕਰੋੜ 72 ਲੱਖ 82 ਹਜ਼ਾਰ 925 ਰੁਪਏ ਤੇ ਗੇਟ ਉੱਤੇ 32 ਲੱਖ 3 ਹਜ਼ਾਰ 478 ਰੁਪਏ ਇਸ ਕੰਪਨੀ ਨੂੰ ਸੰਸਥਾ ਨੇ ਦਿੱਤੇ ਸਨ।

# ਸਲੈਚਾਂ ਪਿੰਡ ਨੇੜੇ ਸੜਕ ਹਾਦਸੇ ਵਿੱਚ ਨੌਜਵਾਨ ਦੀ ਮੌਤ

ਸ਼ਾਹਕੋਟ, 13 ਫਰਵਰੀ (ਪੋਸਟ ਬਿਊਰੋ)- ਪਿੰਡ ਸਲੈਚਾਂ (ਸ਼ਾਹਕੋਟ) ਦੇ ਫਲਾਈਓਵਰ ਨੇੜੇ ਅਣਪਛਾਤੇ ਵਾਹਨ ਨੇ ਮੋਟਰ ਸਾਈਕਲ ਸਵਾਰ ਨੂੰ ਕੁਚਲ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ।




ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸਵੇਰੇ ਅਭਿਸ਼ੇਕ (18) ਪੁੱਤਰ ਸੋਹਣ ਲਾਲ ਸੁਨਿਆਰਾ ਮੁਹੱਲਾ ਤੰਗ ਬਾਜ਼ਾਰ ਸ਼ਾਹਕੋਟ ਆਪਣੇ ਮੋਟਰ ਸਾਈਕਲ 'ਤੇ ਸ਼ਾਹਕੋਟ ਤੋਂ ਪਿੰਡ ਬਾਜਵਾ ਕਲਾਂ ਜਾ ਰਿਹਾ ਸੀ। ਜਦੋਂ ਉਹ ਸਲੈਚਾਂ ਵਾਲਾ ਪੁਲ ਪਾਰ ਕਰ ਕੇ ਥੋੜ੍ਹਾ ਅੱਗੇ ਗਿਆ ਤਾਂ ਪਿੱਛਿਓਂ ਕਿਸੇ ਅਣਪਛਾਤੇ ਵਾਹਨ ਨੇ ਉਸ ਦੇ ਮੋਟਰ ਸਾਈਕਲ ਨੂੰ ਟੱਕਰ ਮਾਰ ਦਿੱਤੀ ਅਤੇ ਅਭਿਸ਼ੇਕ ਮੋਟਰ ਸਾਈਕਲ ਤੋਂ ਡਿੱਗ ਕੇ ਗੰਭੀਰ ਜ਼ਖਮੀ ਹੋ ਗਿਆ। ਰਾਹਗੀਰਾਂ ਨੇ ਇਸ ਹਾਦਸੇ ਸੰਬੰਧੀ 108 ਐਂਬੂਲੈਂਸ ਦੇ ਮੁਲਾਜ਼ਮਾਂ ਨੂੰ ਦੱਸਿਆ ਤਾਂ ਉਨ੍ਹਾ ਨੇ ਮੌਕੇ 'ਤੇ ਪਹੁੰਚ ਕੇ ਜ਼ਖਮੀ ਨੌਜਵਾਨ ਨੂੰ ਸ਼ਾਹਕੋਟ ਦੇ ਸਰਕਾਰੀ ਹਸਪਤਾਲ ਵਿੱਚ ਪਹੁੰਚਾਇਆ, ਜਿੱਥੇ ਡਿਊਟੀ 'ਤੇ ਮੌਜੂਦ ਡਾਕਟਰ ਰੋਸ਼ਨ ਲਾਲ ਨੇ ਜਾਂਚ ਦੇ ਬਾਅਦ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਜਾਂਚ ਕਰਦੇ ਏ ਐੱਸ ਆਈ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਸੋਹਣ ਲਾਲ ਦੇ ਬਿਆਨ 'ਤੇ ਕੇਸ ਦਰਜ ਕੀਤਾ ਹੈ। ਮ੍ਰਿਤਕ ਨੌਜਵਾਨ ਅਭਿਸ਼ੇਕ ਆਪਣੇ ਮਾਤਾ-ਪਿਤਾ ਦਾ ਇਕੱਲਾ ਗੋਦ ਲਿਆ ਪੁੱਤਰ ਸੀ।

# ਸਾਈਕਲ ਸਵਾਰ ਨੂੰ ਅਣਪਛਾਤੇ ਵਾਹਨ ਨੇ ਕੁਚਲਿਆ

ਜਲੰਧਰ, 13 ਫਰਵਰੀ (ਪੋਸਟ ਬਿਊਰੋ)- ਹੁਸ਼ਿਆਰਪੁਰ ਹਾਈਵੇ ਦੇ ਪਿੰਡ ਜੌਹਲ ਦੇ ਗੇਟ ਸਾਹਮਣੇ ਰਾਤ ਨੂੰ ਸਾਈਕਲ ਸਵਾਰ ਵਿਅਕਤੀ ਨੂੰ ਕਿਸੇ ਵਾਹਨ ਨੇ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸੁਗਰੀਵ ਪਿੰਡ ਬੋਲੀਨਾ ਸੁਪਰੀਮ ਮਹਾਤੋ ਪੁੱਤਰ ਹਰੀ ਰਾਮ ਮਹਾਤੋ ਵਜੋਂ ਹੋਈ ਹੈ। ਉਹ ਮੂਲ ਰੂਪ ਤੋਂ ਬਿਹਾਰ ਦਾ ਰਹਿਣ ਵਾਲਾ ਸੀ ਅਤੇ ਕਾਫੀ ਸਮੇਂ ਤੋਂ ਪਿੰਡ ਬੋਲੀਨਾ 'ਚ ਆਪਣੀ ਪਤਨੀ ਸੁਸ਼ੀਲਾ ਦੇਵੀ ਨਾਲ ਰਹਿ ਰਿਹਾ ਸੀ। ਮੌਕੇ 'ਤੇ ਪਹੁੰਚੇ ਥਾਣਾ ਪਤਾਰਾ ਦੇ ਏ ਐੱਸ ਆਈ ਸੁਖਦੇਵ ਰਾਜ ਨੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਮ੍ਰਿਤਕ ਪਿੰਡ ਢੱਡਾ ਵੱਲੋਂ ਆ ਰਿਹਾ ਸੀ ਅਤੇ ਜਦੋਂ ਉਹ ਸੜਕ ਕਰਾਸ ਕਰਨ ਲੱਗਾ ਤਾਂ ਇੱਕ ਤੇਜ਼ ਰਫਤਾਰ ਵਾਹਨ ਦੀ ਲਪੇਟ ਵਿੱਚ ਆ ਗਿਆ। ਏ ਐੱਸ ਆਈ ਸੁਖਦੇਵ ਰਾਜ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਸੁਗਰੀਵ ਦੀ ਪਤਨੀ ਸੁਸ਼ੀਲਾ ਦੇਵੀ ਦੇ ਬਿਆਨਾਂ 'ਤੇ ਅਣਪਛਾਤੇ ਚਾਲਕ ਖਿਲਾਫ ਥਾਣਾ ਪਤਾਰਾ 'ਚ ਕੇਸ ਦਰਜ ਕਰ ਲਿਆ ਹੈ ਅਤੇ ਪੁਲਸ ਮੁਲਜ਼ਮ ਅਣਪਛਾਤੇ ਚਾਲਕ ਦੀ ਭਾਲ ਕਰ ਰਹੀ ਹੈ।

# ਏਜੰਟਾਂ ਨੇ 28 ਲੱਖ ਲੈ ਕੇ ਨੌਜਵਾਨ ਅਮਰੀਕਾ ਤੋਰਿਆ, ਰਸਤੇ ਵਿੱਚ ਵੇਚ ਦਿੱਤਾ

ਜਗਰਾਓਂ, 13 ਫਰਵਰੀ (ਪੋਸਟ ਬਿਊਰੋ)- ਅਮਰੀਕਾ ਭੇਜਣ ਦੇ ਲਾਰੇ ਨਾਲ ਏਜੰਟਾਂ ਨੇ 28 ਲੱਖ ਰੁਪਏ ਲੈ ਕੇ ਇੱਕ ਨੌਜਵਾਨ ਨੂੰ ਅਮਰੀਕਾ ਵੱਲ ਤੋਰਿਆ ਤੇ ਇਸ ਦੇ ਬਾਅਦ ਉਸ ਨੂੰ ਏਜੰਟਾਂ ਨੇ ਰਸਤੇ ਵਿੱਚ ਗਾਇਬ ਕਰ ਦਿੱਤਾ। ਉਸ ਦੇ ਪਿਤਾ ਦੀ ਸ਼ਿਕਾਇਤ 'ਤੇ ਪੁਲਸ ਨੇ ਮੇਜਰ ਸਿੰਘ ਵਾਸੀ ਕਾਲਸਾ, ਬਲੌਰ ਸਿੰਘ ਵਾਸੀ ਜਲਾਲਦੀਵਾਲ, ਰਾਏਕੋਟ, ਮੋਹਨ ਲਾਲ ਵਾਸੀ ਦਿੱਲੀ ਦੇ ਖਿਲਾਫ ਥਾਣਾ ਰਾਏਕੋਟ ਸਦਰ ਵਿੱਚ ਮਨੁੱਖੀ ਤਸਕਰੀ ਦਾ ਕੇਸ ਦਰਜ ਕੀਤਾ ਹੈ।

ਪੁਲਸ ਅਧਿਕਾਰੀ ਸੁਰਿੰਦਰ ਸਿੰਘ ਦੇ ਮੁਤਾਬਕ ਹਰਬੰਸ ਸਿੰਘ ਵਾਸੀ ਮੱਝੂਕੇ ਬਰਨਾਲਾ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਨੇ ਆਪਣੇ ਬੇਟੇ ਅਮਨਦੀਪ ਸਿੰਘ ਨੂੰ ਅਮਰੀਕਾ ਭੇਜਣ ਲਈ ਮੇਜਰ ਸਿੰਘ ਨਾਲ ਗੱਲ ਕੀਤੀ ਤਾਂ ਇਸ ਦੇ ਬਾਅਦ ਉਸ ਨੇ ਉਸ ਨੂੰ ਹੋਰ ਸਾਥੀਆਂ ਨਾਲ ਮਿਲਵਾਇਆ। ਦੋਸ਼ੀਆਂ ਨੇ 28 ਲੱਖ ਵਿੱਚ ਨੌਜਵਾਨ ਨੂੰ ਅਮਰੀਕਾ ਭੇਜਣ ਦਾ ਝਾਂਸਾ ਦਿੱਤਾ ਤਾਂ ਉਨ੍ਹਾਂ ਨੇ ਦੋਸ਼ੀਆਂ ਨੂੰ ਪੈਸੇ ਦੇ ਦਿੱਤੇ। 24 ਅਕਤੂਬਰ 2017 ਨੂੰ ਅਮਰੀਕਾ ਭੇਜਣ ਦੇ ਲਈ ਦੋਸ਼ੀਆਂ ਦਾ ਇੱਕ ਸਾਥੀ ਉਨ੍ਹਾਂ ਦੇ ਬੇਟੇ ਨੂੰ ਆਪਣੇ ਨਾਲ ਦਿੱਲੀ ਏਅਰਪੋਰਟ ਲੈ ਗਿਆ, ਪਰ ਜਹਾਜ਼ ਵਿੱਚ ਬਿਠਾਉਣ ਪਿੱਛੋਂ ਕਿਤੇ ਰਾਹ ਵਿੱਚ ਉਤਾਰ ਦਿੱਤਾ। ਉਥੋਂ ਅਗਲਾ ਬਾਰਡਰ ਡੌਂਕੀ ਏਜੰਟ ਨੇ ਪਾਰ ਕਰਾਉਣਾ ਸੀ। ਓਦੋਂ ਬੇਟੇ ਨੇ ਫੋਨ 'ਤੇ ਦੱਸਿਆ ਕਿ ਏਜੰਟਾਂ ਨੇ ਅੱਗੇ ਆਪਣੇ




ਸਾਥੀਆਂ ਨਾਲ ਸੌਦਾ ਕੀਤਾ ਹੋਇਆ ਸੀ, ਜੋ ਉਸ ਨੂੰ ਅੱਗੇ ਅਮਰੀਕਾ ਲੈ ਕੇ ਜਾਣਗੇ, ਪਰ 9 ਨਵੰਬਰ ਦੇ ਬਾਅਦ ਬੇਟੇ ਨਾਲ ਗੱਲ ਹੋਣੀ ਬੰਦ ਹੋ ਗਈ। ਉਨ੍ਹਾਂ ਨੇ ਕੁਝ ਦਿਨਾਂ ਬਾਅਦ ਏਜੰਟ ਮੇਜਰ ਸਿੰਘ ਨਾਲ ਗੱਲ ਕੀਤੀ ਤਾਂ ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਇੱਕ ਹਫਤੇ ਬਾਅਦ ਉਹ ਬੋਲਿਆ ਕਿ ਜਹਾਜ਼ ਚੜ੍ਹਦੇ ਸਮੇਂ ਉਨ੍ਹਾਂ ਦੇ ਬੇਟੇ ਦਾ ਪੈਰ ਤਿਲਕ ਗਿਆ ਅਤੇ ਉਹ ਸਮੁੰਦਰ ਵਿੱਚ ਡਿੱਗ ਕੇ ਡੁੱਬ ਗਿਆ ਸੀ। ਜਦ ਉਨ੍ਹਾਂ ਨੂੰ ਸ਼ੱਕ ਹੋਇਆ ਤੇ ਫਿਰ ਪੁੱਛਿਆ ਤਾਂ ਬੋਲਿਆ ਕਿ ਪੱਥਰ ਨਾਲ ਪੈਰ ਤਿਲਕਣ ਕਾਰਨ ਸਮੁੰਦਰ ਵਿੱਚ ਡੁੱਬ ਗਿਆ। ਫਿਰ ਕਿਹਾ ਕਿ ਕਿਸ਼ਤੀ ਵਿੱਚ ਚੜ੍ਹਦੇ ਸਮੇਂ ਸਮੁੰਦਰ ਵਿੱਚ ਡਿੱਗ ਗਿਆ। ਇਸ ਦੇ ਬਾਅਦ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਸੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132'' 88'' 8 Seated Sofa
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

Experienced, Established & Committed
Alliance Legal Services
Professional Corporation
Legal Counsel: Jack Fireman, Q.C.
ਕੀ ਐਕਸੀਡੈਂਟ ਵਿਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
Gursharan (Bobby) Sidhu
President
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
Team of Experienced Lawyers & Paralegals serving the community for more than 10 years.
Free Consultation
For Maximum Benefits, Big Settlement & Excellent Service, Call:
Tel: 416-918-9406, 905-696-7946 Toll Free: 1-877-254-2623
1450 Meyerside Dr., Suite #308, Mississauga, ON. L5T 2N5 Fax: 905-696-7953

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਪਾਕਿਸਤਾਨ ਫੇਰੀ ਦਾ ਦੂਜਾ ਦਿਨ






ਸਾਡੀ ਪਾਕਿਸਤਾਨ ਫੇਰੀ ਦਾ ਦੂਜਾ ਦਿਨ ਇਸਲਾਮਾਬਾਦ ਅਤੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਕਰਦਿਆਂ ਬੀਤਿਆ। ਉਪਰੋਕਤ ਯਾਦਗਾਰੀ ਤਸਵੀਰਾਂ ਗੁਰੂ ਘਰ ਦੇ ਬਾਹਰ ਦਰਸ਼ਨੀ ਡਿਉਢੀ ਦੀਆ ਹਨ, ਜਿਥੇ ਗੁਰੂ ਘਰ ਦੇ ਮੁੱਖ ਸੇਵਾਦਾਰ ਵਲੋਂ 770 ਏ.ਐਮ. ਦੀ ਟੀਮ ਜਗਦੀਸ਼ ਗਰੇਵਾਲ, ਰਣਧੀਰ ਸਿੱਧੂ, ਜੁਗਰਾਜ ਸਿੱਧੂ ਅਤੇ ਕੁਲਵਿੰਦਰ ਛੀਨਾ ਨੂੰ ਸਿਰਪਾਓ ਭੇਂਟ ਕੀਤਾ ਗਿਆ। ਇਸ ਫੇਰੀ ਦੇ ਦੂਜੇ ਦਿਨ ਦਾ ਵਿਸਥਾਰ ਸਹਿਤ ਆਰਟੀਕਲ ਅੱਜ ਸਮੇਂ ਦੀ ਘਾਟ ਕਾਰਨ ਪੂਰਾ ਨਹੀਂ ਕਰ ਸਕੇ। ਹੁਣ ਆਰਟੀਕਲ ਅਗਲੇ ਅੰਗ 'ਚ ਛਾਪਿਆ ਜਾਵੇਗਾ।

# ਜਾਪਾਨ ਦੇ ਤੱਟ ਉੱਤੇ ਖੜ੍ਹੇ ਬੇੜੇ ਵਿੱਚ ਕੋਰੋਨਾਵਾਇਰਸ ਦੇ ਕੇਸਾਂ ਦੀ ਗਿਣਤੀ 218 ਤੱਕ ਅੱਪੜੀ

ਯੋਕੋਹਾਮਾ, ਜਾਪਾਨ, 13 ਫਰਵਰੀ (ਪੋਸਟ ਬਿਊਰੋ) : ਵੀਰਵਾਰ ਨੂੰ ਜਾਪਾਨ ਨੇ ਆਖਿਆ ਕਿ ਉਨ੍ਹਾਂ ਦੇ ਤੱਟ ਉੱਤੇ ਖੜ੍ਹੇ ਕੀਤੇ ਗਏ ਜਹਾਜ਼, ਜਿਸ ਵਿੱਚ ਕੋਰੋਨਾਵਾਇਰਸ ਦੇ ਕਈ ਕੇਸ ਮਿਲੇ ਸਨ, ਤੋਂ ਕਈ ਬਜ਼ੁਰਗ ਯਾਤਰੀਆਂ ਨੂੰ ਸਰਕਾਰ ਵੱਲੋਂ ਬਣਾਏ ਗਏ ਲਾਜ਼ਿਜ਼ ਵਿੱਚ ਭੇਜ ਦੇਵੇਗਾ। ਜਾਪਾਨ ਵੱਲੋਂ ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਬੇੜੇ ਵਿੱਚ ਕੋਰੋਨਾਵਾਇਰਸ ਦੇ ਕੇਸਾਂ ਦੀ ਗਿਣਤੀ 218 ਹੋ ਗਈ ਹੈ।

ਡਾਇਮੰਡ ਪ੍ਰਿੰਸੈਸ ਉੱਤੇ ਸਵਾਰ ਹਜ਼ਾਰਾਂ ਯਾਤਰੀਆਂ ਤੇ ਅਮਲਾ ਮੈਂਬਰਾਂ ਨੂੰ ਅਜੇ ਕਈ ਦਿਨ ਹੋਰ ਇਸੇ ਤਰ੍ਹਾਂ ਇਸੇ ਜਹਾਜ਼ ਉੱਤੇ ਅਲੱਗ ਥਲੱਗ ਰਹਿਣਾ ਹੋਵੇਗਾ। ਇਨ੍ਹਾਂ ਵਿੱਚੋਂ ਕਈਆਂ ਨੇ ਤਾਂ ਸੋਸ਼ਲ ਮੀਡੀਆ ਉੱਤੇ ਆਪਣੇ ਮਨ ਦੇ ਤੌਖਲੇ ਸਾਂਝੇ ਕਰਨੇ ਸ਼ੁਰੂ ਕੀਤੇ ਹਨ। ਚੀਨ ਤੋਂ ਬਾਹਰ ਕੋਰੋਨਾਵਾਇਰਸ ਤੋਂ ਪੀੜਤ ਲੋਕਾਂ ਦਾ ਇਹ ਸਭ ਤੋਂ ਵਡਾ ਸਮੂਹ ਹੈ। ਜਿਹੜੇ ਇਸ ਬੇੜੇ ਉਤੇ ਕੰਮ ਕਰਦੇ ਹਨ ਉਹ ਇਸ ਲਈ ਪੱਤਰਕਾਰਾਂ ਨਾਲ ਗੱਲ ਨਹੀਂ ਕਰ ਰਹੇ ਕਿਉਂਕਿ ਉਨ੍ਹਾਂ ਨੂੰ ਆਪਣੀਆਂ ਨੌਕਰੀਆਂ ਖੁੱਸਣ ਦਾ ਡਰ ਹੈ। ਪਰ ਦੋ ਅਮਲਾ ਮੈਂਬਰਾਂ ਵੱਲੋਂ ਵੀਰਵਾਰ ਨੂੰ ਆਪਣੀ ਚੁੱਪੀ ਤੋੜੀ ਗਈ ਤੇ ਭਾਰਤੀ ਮੀਡੀਆ ਵੱਲੋਂ ਉਨ੍ਹਾਂ ਦਾ ਪੱਖ ਸਾਰਿਆਂ ਸਾਹਮਣੇ ਰੱਖਿਆ ਗਿਆ।

ਬੇੜੇ ਦੀ ਸਕਿਊਰਿਟੀ ਅਧਿਕਾਰੀ ਸੋਨਾਲੀ ਠੱਕਰ ਦਾ ਕਹਿਣਾ ਹੈ ਕਿ ਅਸੀਂ ਇਸ ਗੱਲ ਨੂੰ ਲੈ ਕੇ ਡਰੇ ਹੋਏ ਹਾਂ ਕਿ ਜੇ ਇਹ ਇਨਫੈਕਸ਼ਨ ਫੈਲ ਰਹੀ ਹੈ ਤੇ ਇਹ ਐਨੀ ਤੇਜ਼ੀ ਨਾਲ ਫੈਲ ਰਹੀ ਹੈ ਤਾਂ ਅਸੀਂ ਵੀ ਪ੍ਰਭਾਵਤ ਹੋ ਸਕਦੇ ਹਾਂ। ਉਸ ਨੇ ਆਖਿਆ ਕਿ ਅਸੀਂ ਬਿਮਾਰ ਨਹੀਂ ਹੋਣਾ ਚਾਹੁੰਦੇ ਤੇ ਅਸੀਂ ਸਿਰਫ ਘਰ ਜਾਣਾ ਚਾਹੁੰਦੇ ਹਾਂ। ਇੱਥੇ ਦੱਸਣਾ ਬਣਦਾ ਹੈ ਕਿ ਯਾਤਰੀ ਆਪੋ ਆਪਣੇ ਕਮਰੇ ਵਿੱਚ ਹੀ ਬੰਦ ਹਨ ਪਰ ਅਮਲਾ ਮੈਂਬਰਾਂ ਨੂੰ ਖਾਣਾ ਤੇ ਹੋਰ ਲੋੜੀਂਦੀ ਸਪਲਾਈ ਮੁਹੱਈਆ ਕਰਵਾਉਣ ਲਈ ਹਰ ਦਰਵਾਜ਼ੇ ਜਾਣਾ ਪੈਂਦਾ ਹੈ ਤੇ ਕਈਆਂ ਨੂੰ ਡਰ ਹੈ ਕਿ ਵਾਇਰਸ ਤੋਂ ਪੀੜਤ ਜਿਨ੍ਹਾਂ ਯਾਤਰੀਆਂ ਨੂੰ ਪਾਸੇ ਰੱਖਣ ਲਈ ਐਨੀ ਕਵਾਇਦ ਕੀਤੀ ਜਾ ਰਹੀ ਹੈ ਉਹ ਬੇਕਾਰ ਹੈ।

ਸਿਹਤ ਮੰਤਰੀ ਕਾਤਸੁਨੋਬੂ ਕਾਟੋ ਨੇ ਵੀਰਵਾਰ ਨੂੰ ਆਖਿਆ ਕਿ ਕੋਰੋਨ-ਾਵਾਇਰਸ ਦੇ 44 ਹੋਰ ਮਾਮਲੇ ਮਿਲੇ ਹਨ ਤੇ ਇਨ੍ਹਾਂ ਵਿੱਚੋਂ ਇੱਕ ਅਮਲਾ ਮੈਂਬਰ ਵੀ ਸ਼ਾਮਲ ਹੈ। ਉਨ੍ਹਾਂ ਆਖਿਆ ਕਿ ਕੁੱਝ ਬਜ਼ੁਰਗਾਂ ਦੀ ਜਾਂਚ ਕਰਵਾਈ ਗਈ ਹੈ ਤੇ ਉਨ੍ਹਾਂ ਨੂੰ ਕੋਵਿਡ-19 ਵਾਇਰਸ ਨਹੀਂ ਹੈ ਇਸ ਲਈ ਉਨ੍ਹਾਂ ਨੂੰ ਜਹਾਜ਼ ਵਿੱਚੋਂ ਉਤਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

# ਨਾਬਾਰਡ ਨੂੰ ਕਰਜ਼ਾ ਸਕੀਮਾਂ ਦੇ ਨਿਯਮ ਪੰਜਾਬ ਦੇ ਅਨੁਕੂਲ ਬਣਾਉਣ ਦੀ ਅਪੀਲ

ਚੰਡੀਗੜ੍ਹ, 12 ਫਰਵਰੀ (ਗਿਆਨ ਸਿੰਘ) ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਅੱਜ ਨਾਬਾਰਡ ਨੂੰ ਆਪਣੀਆਂ ਨੀਤੀਆਂ, ਪ੍ਰੋਗਰਾਮ ਅਤੇ ਦਿਸ਼ਾ ਨਿਰਦੇਸ਼ ਸੂਬਿਆਂ ਦੀਆਂ ਵਿਸ਼ੇਸ਼ ਲੋੜਾਂ ਅਨੁਸਾਰ ਤਿਆਰ ਕਰਨ ਦੀ ਅਪੀਲ ਕੀਤੀ । ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਨਾਬਾਰਡ ਨੂੰ ਆਪਣੇ ਕਰਜ਼ਾ ਨਿਯਮ ਪੰਜਾਬ ਦੇ ਅਨੁਕੂਲ ਬਣਾਉਣੇ ਚਾਹੀਦੇ ਹਨ। ਨਾਬਾਰਡ ਵੱਲੋਂ ਪੰਜਾਬ ਸੂਬੇ ਲਈ ਸਾਲ 2020-21 ਲਈ 230664.81 ਕਰੋੜ ਰੁਪਏ ਦੀ ਕਰਜ਼ ਸਮਰੱਥਾ ਵਾਲਾ ਸਟੇਟ ਕਰੈਡਿਟ ਸੈਮੀਨਾਰ ਕਰਵਾਇਆ ਗਿਆ। ਬਾਜਵਾ ਵੱਲੋਂ ਸਟੇਟ ਕਰੈਡਿਟ ਸੈਮੀਨਾਰ ਮੌਕੇ ਸਾਲ 2021-22 ਲਈ ਨਾਬਾਰਡ ਵੱਲੋਂ ਤਿਆਰ ਕੀਤਾ ਸਟੇਟ ਫੋਕਸ ਪੇਪਰ ਵੀ ਜਾਰੀ ਕੀਤਾ ਗਿਆ। ਬਾਜਵਾ ਨੇ ਅਜਿਹੇ ਢਾਂਚੇ ਵਾਲੇ ਅਤੇ ਵਿਆਪਕ ਦਸਤਾਵੇਜ਼ਾਂ ਨੂੰ ਤਿਆਰ ਕਰਨ ਲਈ ਨਾਬਾਰਡ ਦੇ ਯਤਨਾਂ ਦੀ ਸਲਾਘਾ ਕੀਤੀ, ਜੋ ਸੂਬੇ ਦੀ ਪੇਂਡੂ ਆਰਥਿਕਤਾ ਦੇ ਹਰੇਕ ਉਪ-ਖੇਤਰ ਅਧੀਨ ਉਪਲਬਧ ਸੰਭਾਵਨਾਵਾਂ ਨੂੰ ਦਰਸਾਉਂਦੀ ਹੈ। ਉਨ੍ਹਾਂ ਅਨੁਮਾਨਤ ਕਰਜ਼ਾ ਸੰਭਾਵਨਾ ਅਤੇ ਟੀਚਾਗਤ ਵਿਕਾਸ ਦੀ ਪ੍ਰਾਪਤੀ ਲਈ ਸੂਬਾ ਸਰਕਾਰ ਤੋਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।

# ਸੜਕ ਬਣਾਉਂਦਿਆਂ ਬਿਜਲੀ ਦੀਆਂ ਤਾਰਾਂ ਨਾਲ ਮਿਕਸਚਰ ਮਸ਼ੀਨ ਲੱਗ ਕੇ ਦੋ ਜਣਿਆਂ ਦੀ ਮੌਤ

ਤਰਨ ਤਾਰਨ, 13 ਫਰਵਰੀ (ਪੋਸਟ ਬਿਊਰੋ)- ਝੱਬਾਲ ਦੇ ਅੰਮ੍ਰਿਤਸਰ ਮਾਰਗ 'ਤੇ ਇੱਕ ਕਲੋਨੀ ਵਿੱਚ ਸੜਕ ਬਣਾਉਂਦੇ ਸਮੇਂ ਮਿਕਸਚਰ ਮਸ਼ੀਨ ਹਾਈ ਵੋਲਟੇਜ ਤਾਰਾਂ ਨਾਲ ਟਕਰਾ ਜਾਣ ਕਾਰਨ ਦੋ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਪੰਜ ਹੋਰ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ, ਜਿੱਥੇ ਦੋ ਦੀ ਹਾਲਤ ਗੰਭੀਰ ਹੈ।

ਮਿਲੀ ਜਾਣਕਾਰੀ ਮੁਤਾਬਕ ਬਲਿਊ ਸਿਟੀ ਨਾਮਕ ਕਲੋਨੀ ਵਿੱਚ ਆਰ ਸੀ ਸੀ ਸੜਕ ਬਣਾਉਣ ਦਾ ਕੰਮ ਚੱਲਦਾ ਹੈ। ਇਸ ਕੰਮ ਲਈ ਲਾਈ ਗਈ ਮਿਕਸਚਰ ਮਸ਼ੀਨ ਅਚਾਨਕ ਉਥੋਂ ਲੰਘਦੀ ਹਾਈ ਵਲੋਟੇਜ ਤਾਰਾਂ ਨਾਲ ਟਕਰਾ ਜਾਣ ਵੇਲੇ ਮਸ਼ੀਨ ਨੂੰ ਧੱਕਾ ਲਾਉਂਦੇ ਮਜ਼ਦੂਰਾਂ ਲਵਪ੍ਰੀਤ ਸਿੰਘ ਉਰਫ ਕੱਦੋ ਪੁੱਤਰ ਬੌਬੀ ਸਿੰਘ ਪਿੰਡ ਬਰਾੜ ਮਾਧੋਕੇ ਅਤੇ ਗੁਰਵੇਲ ਸਿੰਘ ਉਰਫ ਕਾਲੂ ਵਾਸੀ ਨੱਥੂਪੁਰ (ਪੱਟੀ) ਦੀ ਮੌਕੇ 'ਤੇ ਮੌਤ ਹੋ ਗਈ ਅਤੇ ਪੰਜ ਹੋਰ ਮਜ਼ਦੂਰ ਕਰੰਟ ਦੀ ਲਪੇਟ ਵਿੱਚ ਆਉਣ ਨਾਲ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚ ਬਲਦੇਵ ਸਿੰਘ ਉਰਫ ਸੋਨੂੰ ਪੁੱਤਰ ਸਵਰਣ ਸਿੰਘ ਅਤੇ ਕੁਲਦੀਪ ਸਿੰਘ ਪੁੱਤਰ ਬਾਵਾ ਸਿੰਘ ਬਰਾੜ ਮਾਧੋਕੇ ਦੀ ਹਾਲਤ ਗੰਭੀਰ ਹੈ। ਗੁਰਦਿੱਤ ਸਿੰਘ ਪੁੱਤਰ ਗੁਰਵੇਲ ਸਿੰਘ ਪਿੰਡ ਬਰਾੜ, ਹਰਪਾਲ ਸਿੰਘ ਪੁੱਤਰ ਦਿਆਲ ਸਿੰਘ ਅਤੇ ਭਿੰਦਰ ਸਿੰਘ ਪੁੱਤਰ ਤਰਸੇਮ ਸਿੰਘ ਦੋਵੇਂ ਪਿੰਡ ਨੱਥੂਪੁਰਾ ਜ਼ਖਮੀ ਹਨ। ਘਟਨਾ ਦਾ ਪਤਾ ਲੱਗਦੇ ਸਾਰ ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

# 279 ਕੈਨੇਡੀਅਨਾਂ ਵਾਲੇ ਬੇੜੇ ਨੂੰ ਕੰਬੋਡੀਆ ਦੀ ਬੰਦਰਗਾਹ 'ਤੇ ਮਿਲੀ ਪਨਾਹ

...ਪੰਨਾ 1 ਦਾ ਬਾਕੀ

ਸਰਕਾਰੀ ਏਜੰਸੀ ਨੇ ਦੱਸਿਆ ਕਿ ਕਾਉਂਸਲਰ ਅਧਿਕਾਰੀਆਂ ਨੂੰ ਸਿਹਨੂਕਵਿਲੇ ਟਾਊਨ ਵਿੱਚ ਕੈਨੇਡੀਅਨਾਂ ਨੂੰ ਵਾਪਿਸ ਦੇਸ਼ ਲਿਆਉਣ ਲਈ ਲੋੜੀਂਦੀ ਮਦਦ ਵਾਸਤੇ ਭੇਜਿਆ ਗਿਆ ਹੈ। ਇਸ ਤੋਂ ਪਹਿਲਾਂ ਕੰਬੋਡੀਆਈ ਸਿਹਤ ਅਧਿਕਾਰੀਆਂ ਨੇ ਦੱਸਿਆ ਸੀ ਕਿ ਕੋਈ 20 ਕੁ ਯਾਤਰੀਆਂ ਨੇ ਢਿੱਡ ਪੀੜ ਹੋਣ ਤੇ ਬੁਖਾਰ ਹੋਣ ਦੀ ਸ਼ਿਕਾਇਤ ਕੀਤੀ ਸੀ ਪਰ ਬੇੜੇ ਦੇ ਹੈਲਥ ਸਟਾਫ ਵੱਲੋਂ ਇਸ ਨੂੰ ਨੌਰਮਲ ਤਕਲੀਫ ਦੱਸਿਆ ਗਿਆ ਪਰ ਫਿਰ ਵੀ ਇਨ੍ਹਾਂ ਯਾਤਰੀਆਂ ਦੇ ਸੈਂਪਲ ਮਿਲਟਰੀ ਹੈਲੀਕਾਪਟਰ ਰਾਹੀਂ ਕੋਰੋਨਾਵਾਇਰਸ ਦੀ ਜਾਂਚ ਲਈ ਭੇਜੇ ਗਏ ਹਨ।

# ਵਾਇਆ ਰੇਲ ਨੇ ਕੈਨੇਡਾ ਭਰ ਵਿੱਚ ਰੱਦ ਕੀਤੀਆਂ ਗੱਡੀਆਂ, ਸੀਐਨ ਨੇ ਪੂਰਬੀ ਕੈਨੇਡਾ ਵਿੱਚ ਬੰਦ ਕੀਤਾ ਨੈੱਟਵਰਕ

...ਪੰਨਾ 1 ਦਾ ਬਾਕੀ

ਇਹ ਮੁਸੀਬਤ ਉਦੋਂ ਆਈ ਜਦੋਂ ਸੀਐਨ ਰੇਲ ਨੇ ਆਖਿਆ ਕਿ ਜਦੋਂ ਤੱਕ ਪੂਰਬੀ ਕੈਨੇਡਾ ਵਿੱਚ ਗੈਰਕਾਨੂੰਨੀ ਢੰਗ ਨਾਲ ਗੱਡੀਆਂ ਨੂੰ ਰੋਕੇ ਜਾਣ ਦੀ ਕਾਰਵਾਈ ਖਤਮ ਨਹੀਂ ਹੁੰਦੀ ਉਦੋਂ ਤੱਕ ਉਹ ਅਜਿਹਾ ਫੈਸਲਾ ਲੈਣ ਲਈ ਮਜਬੂਰ ਹਨ। ਕੰਪਨੀ ਨੇ ਆਖਿਆ ਕਿ ਇਸ ਤੋਂ ਭਾਵ ਹੈ ਕਿ ਕੈਨੇਡੀਅਨ ਨੈੱਟਵਰਕ ਦੀਆਂ ਸਾਰੀਆਂ ਟਰਾਂਸਕੌਂਟੀਨੈਟਲ ਰੇਲਗਡੀਆਂ ਵੀ ਬੰਦ ਕਰ ਦਿੱਤੀਆਂ ਗਈਆਂ ਹਨ।

ਸੀਐਨ ਰੇਲ ਦੇ ਸੀਈਓ ਜੇਜੇ ਰੁਐਸਟ ਨੇ ਵੀਰਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਆਖਿਆ ਕਿ ਪਿਛਲੇ ਹਫਤੇ ਰੱਦ ਹੋਈਆਂ 400 ਤੋਂ ਵੱਧ ਰੇਲਗੱਡੀਆਂ ਕਾਰਨ ਤੇ ਸਾਡੀ ਮੇਨਲਾਈਨ ਉੱਤੇ ਕੀਤੇ ਜਾ ਰਹੇ ਤਾਜ਼ਾ ਮੁਜ਼ਾਹਰਿਆਂ ਕਾਰਨ ਅਸੀਂ ਇਹ ਫੈਸਲਾ ਲਿਆ ਹੈ ਕਿ ਆਪਣੇ ਪੂਰਬੀ ਕੈਨੇਡੀਅਨ ਆਪਰੇਸ਼ਨ ਨੂੰ ਬੰਦ ਕਰਨਾ ਹੀ ਜ਼ਿੰਮੇਵਾਰੀ ਵਾਲਾ ਫੈਸਲਾ ਹੈ। ਇਸ ਨਾਲ ਅਸੀਂ ਆਪਣੇ ਇੰਪਲਾਈਜ਼ ਤੇ ਮੁਜ਼ਾਹਰਾਕਾਰੀਆਂ ਦੀ ਸੇਫਟੀ ਦਾ ਧਿਆਨ ਵੀ ਰੱਖ ਸਕਾਂਗੇ।

ਉਨ੍ਹਾਂ ਆਖਿਆ ਕਿ ਕਮਿਊਟਰ ਰੇਲ ਲਿੰਕ ਸੇਵਾਵਾਂ ਜਿਵੇਂ ਕਿ ਮੈਟਰੋਲਿੰਕਸ ਤੇ ਐਕਸੋ ਆਪਰੇਟ ਕਰਨਾ ਜਾਰੀ ਰੱਖ ਸਕਦੀਆਂ ਹਨ ਬਸ਼ਰਤੇ ਅਜਿਹਾ ਉਹ ਸੁਰੱਖਿਅਤ ਢੰਗ ਨਾਲ ਕਰ ਸਕਣ। ਜ਼ਿਕਰਯੋਗ ਹੈ ਕਿ ਮੁਜ਼ਾਹਰਾਕਾਰੀਆਂ ਵੱਲੋਂ ਸੱਭ ਤੋਂ ਮਸ਼ਰੂਫ ਰਹਿਣ ਵਾਲੇ ਟੋਰਾਂਟੋ-ਮਾਂਟਰੀਅਲ ਤੇ ਓਟਵਾ-ਟੋਰਾਂਟੋ ਰੂਟ ਦੇ ਨਾਲ ਨਾਲ ਦੇਸ਼ ਭਰ ਵਿੱਚ ਰੇਲ ਟਰੈਫਿਕ ਬੰਦ ਕਰ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਬੀਸੀ ਵਿੱਚ ਪ੍ਰਿੰਸ ਰੂਪਰਟ ਤੇ ਪ੍ਰਿੰਸ ਜਾਰਜ ਦਰਮਿਆਨ ਵੀ ਰੇਲ ਸੇਵਾ ਵਿੱਚ ਮੁਜ਼ਾਹਰਾਕਾਰੀਆਂ ਵੱਲੋਂ ਵਿਘਨ ਪਾਈ ਗਈ। ਪ੍ਰੋਟੈਸਟ ਦੇ ਆਰਗੇਨਾਈਜ਼ਰਜ਼ ਦਾ ਕਹਿਣਾ ਹੈ ਕਿ ਉਹ ਹਿਊਸਟਨ, ਬੀਸੀ ਦੇ ਨੇੜੇ ਵੈਸਟਸੁਵੇਟਨ ਦੀ ਟੈਰੇਟਰੀ ਵਿੱਚੋਂ ਲੰਘਣ ਵਾਲੇ ਕੋਸਟਲ ਗੈਸਲਿੰਕ ਪਾਈਪਲਾਈਨ ਪ੍ਰੋਜੈਕਟ ਦਾ ਵਿਰੋਧ ਕਰ ਰਹੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਕੇ ਬਾਗ 'ਚ 400 ਕਿਸਮ ਦੇ ਗੁਲਾਬ ਬਿਖੇਰਨਗੇ ਮਹਿਕਾਂ

ਅੰਮ੍ਰਿਤਸਰ, 13 ਫ਼ਰਵਰੀ(ਗਿਆਨ ਸਿੰਘ) ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਾਪਤ ਕੀਤੇ ਜਾ ਰਹੇ ਗੁਰੂ ਕੇ ਬਾਗ ਦੀਆਂ ਤਿਆਰੀਆਂ ਨੂੰ ਅੰਤਮ ਛੋਹਾਂ ਦਿੰਦਿਆਂ ਇਸ ਵਿਚ ਅੱਜ 400 ਕਿਸਮ ਦੇ ਗੁਲਾਬ ਲਗਾਏ ਗਏ ਹਨ। ਇਸ ਤੋਂ ਪਹਿਲਾਂ ਬਾਗ ਅੰਦਰ ਤਿੰਨ ਪਰਤੀ ਕਿਆਰੀਆਂ ਵਿਚ ਵੱਖ-ਵੱਖ ਤਰ੍ਹਾਂ ਦੇ ਛੋਟੇ ਵੱਡੇ ਬੂਟੇ ਲਗਾਏ ਜਾ ਚੁੱਕੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਬਾਗ ਨੂੰ ਨਵੀਂ ਦਿੱਖ ਵਿਚ ਹਰਿਆ-ਭਰਿਆ ਬਣਾਉਣ ਲਈ ਕੁਝ ਮਹੀਨੇ ਪਹਿਲਾਂ ਕੰਮ ਸ਼ੁਰੂ ਕੀਤਾ ਗਿਆ ਸੀ। ਇਸ ਦੀ ਕਾਰਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਕਰਵਾ ਰਹੇ ਹਨ। ਬਾਗਬਾਨੀ ਮਾਹਿਰਾਂ ਦੀਆਂ ਸੇਵਾਵਾਂ ਵੀ ਸ਼੍ਰੋਮਣੀ ਕਮੇਟੀ ਵੱਲੋਂ ਲਈਆਂ ਜਾ ਰਹੀਆਂ ਹਨ।

# ਆਵਾਰਾ ਪਸ਼ੂਆਂ ਦੇ ਹੱਲ ਲਈ ਵਿਧਾਨ ਸਭਾ 'ਚ ਮਤਾ ਲਿਆਵੇਗੀ 'ਆਪ'

ਚੰਡੀਗੜ੍ਹ, 13 ਫਰਵਰੀ (ਪੋਸਟ ਬਿਊਰੋ): ਸੂਬੇ ਅੰਦਰ ਵਿਕਰਾਲ ਹੁੰਦੀ ਜਾ ਰਹੀ ਆਵਾਰਾ ਪਸ਼ੂਆਂ ਦੀ ਸਮੱਸਿਆ ਦੇ ਠੋਸ ਹੱਲ ਲਈ ਆਮ ਆਦਮੀ ਪਾਰਟੀ (ਆਪ) ਪੰਜਾਬ ਆਗਾਮੀ ਵਿਧਾਨ ਸਭਾ ਇਜਲਾਸ 'ਚ ਮਤਾ ਪੇਸ਼ ਕਰ ਰਹੀ ਹੈ। ਵੀਰਵਾਰ ਨੂੰ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਇਕ ਅਮਨ ਅਰੋੜਾ, ਕੁਲਤਾਰ ਸਿੰਘ ਸੰਧਵਾਂ ਅਤੇ ਪ੍ਰੋ. ਬਲਜਿੰਦਰ ਕੌਰ ਨੇ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੂੰ ਮਤਾ ਸੌਂਪ ਦਿੱਤਾ ਹੈ।



ਸਪੀਕਰ ਰਾਣਾ ਕੇਪੀ ਸਿੰਘ ਨਾਲ ਮੁਲਾਕਾਤ ਉਪਰੰਤ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਅਮਨ ਅਰੋੜਾ, ਕੁਲਤਾਰ ਸਿੰਘ ਸੰਧਵਾਂ ਅਤੇ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਆਵਾਰਾ ਪਸ਼ੂਆਂ ਦੀ ਸਮੱਸਿਆ ਬੇਕਾਬੂ ਹੋ ਚੁੱਕੀ ਹੈ, ਕਿਉਂਕਿ ਸਮੇਂ ਸਮੇਂ ਦੀਆਂ ਕਾਂਗਰਸੀ ਅਤੇ ਅਕਾਲੀ-ਭਾਜਪਾ ਸਰਕਾਰਾਂ ਨੇ ਇਸ ਸਮੱਸਿਆ ਦੇ ਹੱਲ ਲਈ ਲੋੜੀਂਦੇ ਠੋਸ ਕਦਮ ਹੀ ਨਹੀਂ ਚੁੱਕੇ।

ਅਮਨ ਅਰੋੜਾ ਨੇ ਦੱਸਿਆ ਕਿ ਆਗਾਮੀ ਬਜਟ ਇਜਲਾਸ ਦੌਰਾਨ ਵੀਰਵਾਰ ਵਾਲੇ ਦਿਨ ਇਹ ਮਤਾ ਸਦਨ 'ਚ ਪੇਸ਼ ਕੀਤਾ ਜਾਵੇਗਾ। ਇਸ ਬਾਰੇ ਮਾਨਯੋਗ ਸਪੀਕਰ ਨੇ ਵੀ ਸਮੱਸਿਆ ਦੀ ਗੰਭੀਰਤਾ ਨੂੰ ਸਮਝਦੇ ਹੋਏ ਮਤਾ ਪੇਸ਼ ਕਰਨ ਦੀ ਪ੍ਰਵਾਨਗੀ ਦੇਣ ਦਾ ਭਰੋਸਾ ਦਿੱਤਾ ਹੈ।

'ਆਪ' ਵਿਧਾਇਕਾਂ ਨੇ ਕਿਹਾ ਕਿ ਆਵਾਰਾ ਪਸ਼ੂਆਂ ਕਾਰਨ ਹਰ ਸਾਲ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ। ਸੜਕ ਦੁਰਘਟਨਾਵਾਂ 'ਚ ਸੈਂਕੜੇ ਜਾਨਾਂ ਜਾਂਦੀਆਂ ਹਨ ਅਤੇ ਫ਼ਸਲਾਂ ਦਾ ਭਾਰੀ ਨੁਕਸਾਨ ਹੁੰਦਾ ਹੈ। ਅਮਨ ਅਰੋੜਾ ਨੇ ਦੱਸਿਆ ਕਿ ਜੇਕਰ ਸਰਕਾਰ ਆਵਾਰਾ ਪਸ਼ੂਆਂ ਦੀ ਦਿਨ ਪ੍ਰਤੀ ਦਿਨ ਵਿਕਰਾਲ ਹੋ ਰਹੀ ਸਮੱਸਿਆ ਦਾ ਸਮਾਂ ਰਹਿੰਦੇ ਹੱਲ ਨਾ ਕੀਤਾ ਤਾਂ ਪੰਜਾਬ ਸਮੇਤ ਦੇਸ਼ ਭਰ 'ਚ 28 ਕਰੋੜ ਆਵਾਰਾ ਪਸ਼ੂ ਹੋ ਜਾਣਗੇ, ਜਿੰਨਾ ਦੀ ਸਾਂਭ-ਸੰਭਾਲ ਵਾਸਤੇ ਸਾਲਾਨਾ 5 ਲੱਖ 40 ਹਜ਼ਾਰ ਕਰੋੜ ਰੁਪਏ ਦੀ ਜ਼ਰੂਰਤ ਹੋਵੇਗੀ।

ਅਮਨ ਅਰੋੜਾ ਨੇ ਕਿਹਾ ਕਿ ਪੰਜਾਬ 'ਚ ਇਨ੍ਹਾਂ ਆਵਾਰਾ ਪਸ਼ੂਆਂ 'ਚ ਕਰੀਬ 15 ਫ਼ੀਸਦੀ ਦੇਸੀ ਨਸਲ ਦੀਆਂ ਗਾਵਾਂ ਤੇ ਢੱਠੇ ਹਨ ਜਦੋਂਕਿ ਬਾਕੀ 85 ਫ਼ੀਸਦੀ ਅਮਰੀਕੀ/ਐਚ.ਐਫ ਗਾਵਾਂ-ਢੱਠੇ ਹਨ, ਜਿੰਨਾ ਦਾ ਭਾਰਤ 'ਚ ਪਵਿੱਤਰ ਤੇ ਪੂਜਨੀਕ ਮੰਨੀ ਜਾਂਦੀ ਗਊ ਨਸਲ ਨਾਲ ਬਾਇਓਲੋਜੀਕਲ ਜਾਂ ਵਿ-ਗਿਆਨਿਕ ਤੌਰ 'ਤੇ ਕੋਈ ਲੈਣਾ-ਦੇਣਾ ਨਹੀਂ ਹੈ। ਜਿਸ ਦੀ ਪੁਸ਼ਟੀ ਡੀ.ਐਨ.ਏ ਟੈਸਟ ਕਰਵਾ ਕੇ ਕੀਤੀ ਜਾ ਸਕਦੀ ਹੈ।

ਅਮਨ ਅਰੋੜਾ ਨੇ ਦੱਸਿਆ ਕਿ ਮਤੇ ਰਾਹੀਂ ਮੰਗ ਕੀਤੀ ਗਈ ਹੈ ਕਿ ਦੇਸੀ ਨਸਲ ਦੀਆਂ ਗਾਵਾਂ ਅਤੇ ਢੱਠਿਆਂ ਦੀ ਗਊਸ਼ਾਲਾਵਾਂ 'ਚ ਸਨਮਾਨ ਸਹਿਤ ਸਾਂਭ-ਸੰਭਾਲ ਯਕੀਨੀ ਬਣਾਈ ਜਾਵੇ, ਜਦੋਂਕਿ ਅਮਰੀਕੀ/ਐਫਐਮ ਨਸਲ ਦੇ ਆਵਾਰਾ ਪਸ਼ੂਆਂ ਨੂੰ ਫੜ-ਫੜ ਬੁੱਚੜਖ਼ਾਨਿਆਂ 'ਚ ਭੇਜਿਆ ਜਾਵੇ, ਤਾਂ ਕਿ ਲੋਕਾਂ ਦੀ ਜਾਨ-ਮਾਲ ਅਤੇ ਫ਼ਸਲਾਂ ਦਾ ਬਚਾਅ ਹੋ ਸਕੇ। ਇਸ ਦੇ ਨਾਲ ਹੀ ਗੰਦਗੀ ਰੂੜੀਆਂ ਤੇ ਕੂੜੇ ਦੇ ਢੇਰਾਂ 'ਚ ਪਲਾਸਟਿਕ ਦੇ ਲਫਾਫੇ ਤੇ ਗੰਦਗੀ ਖਾ ਕੇ ਰੋਜ਼ ਰੋਜ਼ ਮਰ ਰਹੇ ਇਨ੍ਹਾਂ ਬੇਜ਼ਬਾਨਿਆਂ ਨੂੰ ਵੀ ਇੱਕ ਵਾਰ 'ਚ ਹੀ ਮੁਕਤੀ ਮਿਲ ਜਾਵੇਗੀ।

ਕੁਲਤਾਰ ਸਿੰਘ ਸੰਧਵਾਂ ਅਤੇ ਪ੍ਰੋ. ਬਲਜਿੰਦਰ ਕੌਰ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਪਣੇ ਹਲਕੇ ਦੇ ਵਿਧਾਇਕਾਂ 'ਤੇ ਇਸ ਲੋਕ-ਹਿਤ ਮਤੇ ਦੀ ਵਿਧਾਨ ਸਭਾ ਦੇ ਸਦਨ 'ਚ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਹਿਮ-ਾਇਤ ਕਰਨ ਕਿਉਂਕਿ ਸੜਕਾਂ 'ਤੇ ਹਾਦਸੇ ਅਤੇ ਫ਼ਸਲਾਂ ਦੇ ਨੁਕਸਾਨ 'ਆਪ ਵਾਲੇ', ਅਕਾਲੀ ਜਾਂ ਕਾਂਗਰਸੀ ਦੇਖ ਦੇ ਨਹੀਂ ਵਾਪਰਦੇ।

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

## ਵਿਅੰਗ

# ਵੁੱਡ ਟੁੱਥ ਬਰੱਸ਼ ਕੰਪਨੀ

-ਨੂਰ ਸੰਤੋਖਪੁਰੀ-

ਜੇ ਇਮਾਰਤੀ ਲੱਕੜ (ਟਿੰਬਰ) ਵੇਚਣ ਵਾਲਾ ਕੋਈ ਵਪਾਰੀ ਆਪਣੀ ਦੁਕਾਨ ਦੀ ਮਸ਼ਹੂਰੀ ਕਰਨ ਲਈ ਵੱਡਾ ਜਾਂ ਛੋਟਾ ਸਾਈਨ ਬੋਰਡ ਆਪਣੀ ਦੁਕਾਨ ਦੇ ਮੱਥੇ 'ਤੇ ਫਿੱਟ ਕਰਵਾ ਸਕਦਾ ਹੈ ਤਾਂ ਦਾਤਣਾਂ ਵੇਚਣ ਵਾਲਾ ਸੇਵਾ ਰਾਮ ਆਪਣੀ ਦੁਕਾਨਦਾਰੀ ਦੇ ਅੱਡੇ ਕੋਲ ਗੱਡੇ ਗਏ ਸਰਕਾਰੀ ਖੰਭੇ ਉਤੇ ਆਪਣੇ ਵਪਾਰ ਦੀ ਮਸ਼ਹੂਰੀ ਲਈ ਕਿਉਂ ਨਹੀਂ ਲਿਖਾ ਸਕਦਾ? ਸੇਵਾ ਰਾਮ ਸ਼ਹਿਰ ਦੇ ਇੱਕ ਪੁਰਾਣੇ ਪ੍ਰਸਿੱਧ ਚੌਕ ਕੋਲ ਤੇ ਇੱਕ ਥਾਣੇ ਦੀ ਕੰਧ ਨਾਲ ਆਪਣਾ ਤੱਪੜ ਅੱਡਾ ਜਮਾ ਕੇ 'ਨੀਲੀ ਛੱਤ' ਹੇਠਾਂ ਨਿੰਮ, ਕਿੱਕਰ, ਫਲਾਹ ਆਦਿ ਦੀਆਂ ਦਾਤਣਾਂ ਵੇਚਣ ਦਾ ਕੰਮ ਕਰਦਾ ਹੈ। ਉਸ ਨੇ ਆਪਣੇ ਤੱਪੜ ਅੱਡੇ ਕੋਲ ਗੱਡੇ ਹੋਏ ਬਿਜਲੀ ਦੇ ਸੀਮਿੰਟਡ ਚਪਟੇ ਖੰਭੇ 'ਤੇ ਕਿਸੇ ਪੇਂਟਰ ਕੋਲੋਂ ਕਾਲੇ ਰੰਗ ਦੀ ਲਿਖਾਵਟ ਵਿੱਚ ਲਿਖਾਇਆ ਹੋਇਆ ਹੈ, 'ਇਥੇ ਨਿੰਮ, ਕਿੱਕਰ, ਫਲਾਹ ਵਗੈਰਾ ਦੀਆਂ ਤਾਜ਼ੀਆਂ ਦਾਤਣਾਂ ਮਿਲਦੀਆਂ ਹਨ।' ਨਾਲ ਆਪਣਾਂ ਨਾਂਅ 'ਸੇਵਾ ਰਾਮ' ਅਤੇ ਆਪਣਾ ਮੋਬਾਈਲ ਨੰਬਰ ਵੀ ਲਿਖਾਇਆ ਹੋਇਆ ਹੈ। ਉਹ ਆਪਣੀਆਂ ਜੋੜੀਆਂ ਗਈਆਂ ਦਾਤਣਾਂ ਦੀਆਂ ਖੂਬੀਆਂ ਗਿਣਾ-ਗਿਣਾ ਕੇ ਆਪਣੇ ਕਾਰੋਬਾਰ ਦੀ ਮਸ਼ਹੂਰ ਕਰਦਾ ਰਹਿੰਦਾ ਹੈ। ਸੇਵਾ ਰਾਮ ਆਪਣੀਆਂ ਅੱਖਾਂ 'ਤੇ ਲੱਗੀਆਂ ਕਾਲੀਆਂ ਐਨਕਾਂ ਰਾਹੀਂ ਗਾਹਕਾਂ ਵੱਲ ਤੱਕਦਾ ਬੜੇ ਫਖਰ ਨਾਲ ਦੱਸਦਾ ਹੈ, 'ਆਹ ਜਿਹੜਾ ਛੋਟਾ ਦਾਤਰ ਮੈਂ ਆਪਣੇ ਹੱਥ ਫੜਿਆ ਹੋਇਆ ਹੈ ਨਾ, ਇਸ ਨਾਲ ਲੱਕੜ ਦੀ ਮੁੱਢੀ 'ਤੇ ਰੱਖ ਕੇ ਜਦੋਂ ਮੈਂ ਦਾਤਣਾਂ ਟੁੱਕ-ਟੁੱਕ ਕੇ ਤੇ ਕੰਡੇ-ਪੱਤੇ ਵਗੈਰਾ ਲਾਹ ਕੇ ਦਾਤਣਾਂ ਤਿਆਰ ਕਰਦਾ ਹਾਂ, ਤਾਂ ਉਦੋਂ ਮੈਨੂੰ ਬੜੀਆਂ ਗੱਲਾਂ ਉਚਰਦੀਆਂ ਨੇ। ਇਨ੍ਹਾਂ ਗੱਲਾਂ ਦੀਆਂ ਕਵਿਤਾਵਾਂ ਮੈਂ ਦਾਤਣਾਂ ਵਾਂਗ ਘੜ ਲੈਂਦਾ, ਜਾਣੀ ਤਿਆਰ ਕਰ ਲੈਂਦਾ ਹਾਂ। ਮਾੜੇ-ਮੋਟੇ ਪੰਜਾਬੀ ਕਵੀ ਨੂੰ ਆਪਣੇ ਅੱਗੇ ਅੜਨ ਨਹੀਂ ਦਿੰਦਾ। ਖੜ੍ਹਨ ਨ੍ਹੀਂ ਦਿੰਦਾ। ਵੇਖ ਲੈਣਾ, ਕਦੇ ਮੇਰੀਆਂ ਕਵਿਤਾਵਾਂ ਰੇਡੀਓ 'ਤੇ ਗੂੰਜ ਪਾਉਣਗੀਆਂ। ਟੀ ਵੀ 'ਤੇ ਜਲਵੇ ਵਿਖਾਉਣਗੀਆਂ।''

ਕਈ ਗਾਹਕ ਸੇਵਾ ਰਾਮ ਦੀਆਂ ਗੱਲਾਂ ਵੱਲ ਤਵੱਜੋਂ ਨਹੀਂ ਦਿੰਦੇ। ਉਸ ਦੀਆਂ ਕਵਿਤਾਵਾਂ ਵੀ ਗਹੁ ਨਾਲ ਨਹੀਂ ਸੁਣਦੇ। ਜਿਹੜੇ ਵਿਅਕਤੀ ਉਸ ਦੀਆਂ ਗੱਲਾਂ ਤੇ ਕਵਿਤਾਵਾਂ ਵਿੱਚ ਦਿਲਚਸਪੀ ਰੱਖਦੇ ਹਨ, ਉਹ ਉਸ ਦੇ ਕੋਲੋਂ ਦਾਤਣਾਂ ਦੇ ਮੁੱਠੇ ਖਰੀਦਣ ਵੇਲੇ ਉਸ ਦੀਆਂ ਗੱਲਾਂ ਵੀ ਧਿਆਨ ਨਾਲ ਸੁਣ ਲੈਂਦੇ ਹਨ ਅਤੇ ਕਵਿਤਾਵਾਂ ਵੀ। ਉਸ ਦੇ ਅੱਡੇ ਸਾਹਮਣਿਓਂ ਸਾਰਾ ਦਿਨ ਵਾਹਨਾਂ ਤੇ ਲੋਕਾਂ ਦੀ ਭੀੜ ਗੁਜ਼ਰਦੀ ਹੈ ਤੇ ਉਸ ਦਾ ਵਾਹ ਤਰ੍ਹਾਂ-ਤਰ੍ਹਾਂ ਦੇ ਲੋਕਾਂ ਅਤੇ ਪੁਲਸੀਆਂ ਨਾਲ ਪੈਂਦਾ ਰਹਿੰਦਾ ਹੈ। ਵਿਹਲੇ ਵਕਤ ਸੇਵਾ ਰਾਮ ਦਾ ਧਿਆਨ ਥਾਣੇ ਦੇ ਮੁੱਖ ਗੇਟ ਵੱਲ ਅਤੇ ਉਸ ਗੇਟ ਰਾਹੀਂ ਅੰਦਰ-ਬਾਹਰ ਜਾਂਦੇ-ਆਉਂਦੇ ਆਮ ਲੋਕਾਂ, ਚਿੱਟ-ਕੱਪੜੀਏ ਚੌਧਰੀਆਂ, ਲਿਸ਼ਕੇ-ਪੁਸ਼ਕੇ ਤੇ ਮੁਸ਼ਕੇ ਅਖੌਤੀ ਪ੍ਰਧਾਨਾਂ-ਪ੍ਰਧਾਨਣਾਂ, ਪਿਚਕੇ-ਪੁਚਕੇ ਨਸ਼ੇੜੀਆਂ, ਲਫੰਗੇ ਟਾਈਪ ਬੰਦਿਆਂ, ਚੋਰ ਉਚੱਕਿਆਂ, ਜੇਬਕਤਰਿਆਂ ਵਗੈਰਾ ਵੱਲ ਲੱਗਾ ਰਹਿੰਦਾ ਹੈ। ਇਨ੍ਹਾਂ ਵਿੱਚੋਂ ਵਾਰ ਵਾਰ ਥਾਣੇ ਗੇੜਾ ਲਾਉਣ ਵਾਲੇ 'ਸਿਰਕੱਢ', 'ਪਤਵੰਤੇ', 'ਸਤਿਕਾਰਯੋਗ', 'ਸਿਰਮੌਰ ਸ਼ਖਸੀਅਤ ਦੇ ਮਾਲਕ ਧਨੰਤਰਾਂ' ਨੂੰ ਉਹ ਸਿਆਣਨ-ਪਛਾਣਨ ਵੀ ਲੱਗ ਪਿਆ ਹੈ। ਉਸ ਨੂੰ ਇਸ ਗੱਲ ਦਾ ਡਾਢਾ ਦੁੱਖ ਹੈ ਕਿ ਗੁੰਡੇ ਬਦਮਾਸ਼ ਰੇਹੜੀਆਂ-ਫੜੀਆਂ ਵਾਲਿਆਂ ਤੋਂ 'ਹਫਤਾ ਵਸੂਲੀ' ਕਰਨ ਵੇਲੇ ਉਸ ਨੂੰ ਵੀ ਨਹੀਂ 'ਬਖਸ਼ਦੇ' ਅਤੇ ਪੁਲਸੀਏ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕਰਦੇ, ਸਗੋਂ ਕੁਝ 'ਪਬਲਿਕ ਦੇ ਰਾਖੇ' ਗੁੰਡਿਆਂ-ਬਦਮਾਸ਼ਾਂ ਨਾਲ ਹੱਸ-ਹੱਸ ਕੇ ਗੱਲ੍ਹਾਂ ਕਰਦੇ ਹਨ। ਉਨ੍ਹਾਂ ਨਾਲ 'ਚਾਹ-ਚੂਹ' ਪੀਂਦੇ ਨੇ। ਨਿੰਮ ਦੀਆਂ ਦਾਤਣਾਂ ਖਰੀਦਣ ਵਾਲੇ ਗਾਹਕਾਂ ਦਾ ਰੌਂਅ ਭਾਂਪ ਕੇ ਸੇਵਾ ਰਾਮ ਨਿੰਮ ਬਾਬਤ ਆਪਣੀ ਘੜੀ (ਜੋੜੀ) ਕਵਿਤਾ ਇਉਂ ਬਿਆਨ ਕਰ ਦਿੰਦਾ ਹੈ :

''ਟੁੱਥ-ਪਾਊਡਰ, ਟੁੱਥ-ਪੇਸਟ ਸਾਰੇ<br>
ਇਹਦੇ ਨਾਲੋਂ ਥੱਲੇ-ਥੱਲੇ।<br>
ਜਿਹੜਾ ਕਰੇ ਸਵੇਰੇ ਨਿੰਮ ਦੀ ਦਾਤਣ<br>
ਉਹਦੀ ਬੱਲੇ-ਬੱਲੇ।<br>
ਮਿੱਤਰੋ! ਦੰਦ ਰੱਖਦੀ ਨਰੋਏ ਇਹ,<br>
ਕਰੇੜਾਂ ਲੱਗਣ ਤੋਂ ਵੀ ਠੱਲ੍ਹੇ।<br>
ਨਿੰਮ ਕਹਿੰਦੀ ਕੌੜੀ ਹਾਂ ਤਾਂ ਕੀ<br>
ਹੋਇਆ, ਗੁਣ ਕਈ ਮੇਰੇ ਪੱਲੇ।<br>
ਖਾਓ ਨਿੰਮੋਲੀਆਂ ਤਾਂ ਖੂਨ ਸਾਫ ਹੋ ਕੇ<br>
ਨਾੜਾਂ 'ਚ ਚੱਲੇ-ਚੱਲੇ।<br>
ਨਿੰਮ ਦੀਆਂ ਦਵਾਈਆਂ ਨਾਲ ਵੈਦਾਂ-<br>
ਹਕੀਮਾਂ ਦੀ ਵੈਦਗੀ ਵੱਧੇ-ਫੁੱਲੇ।<br>
ਨਿੰਮ ਦੇ ਘੋਟਣੇ ਨਾਲ ਨੂੰਹ ਸੱਸ ਨੂੰ<br>
ਕੁੱਟੇ ਸੰਦੂਕਾਂ ਓਹਲੇ।<br>
ਸੇਵਾ ਰਾਮ ਓਹਨੇ ਹੈ ਲੈ ਜਾਣਾ ਜਿਹੜਾ<br>
ਜੱਗ ਉੱਤੇ ਘੱਲੇ।''

ਫਲਾਹ ਦੀਆਂ ਦਾਤਣਾਂ ਖਰੀਦਣ ਵਾਲੇ ਗਾਹਕਾਂ 'ਚੋਂ ਕਿਸੇ-ਕਿਸੇ ਨੂੰ ਉਹ 'ਫਲਾਹ' ਵਾਲੀ ਆਪਣੀ ਕਵਿਤਾਵਾਂ ਬੜੇ ਫਖਰ ਤੇ ਚਾਅ ਨਾਲ ਸੁਣਾ ਦਿੰਦਾ ਹੈ :

''ਪਾਪੀਆਂ ਨੂੰ ਮਿਲਦੀ ਸਜ਼ਾ ਕੀਤੇ ਹਰ<br>
ਗੁਨਾਹ ਦੀ।<br>
ਸਿਫਤ ਹੋਵੇ ਰਲ-ਮਿਲ ਕੇ ਕੀਤੀ ਨੇਕ<br>
ਸਲਾਹ ਦੀ।<br>
ਫੁਕਰੇ ਬੰਦੇ ਕਰਦੇ ਹਰ ਗੱਲ ਬੱਸ,<br>
ਉਤਾਂਹ ਦੀ।<br>
ਹਰ ਸ਼ਖਸ ਹੈ ਤਾਂ ਆਖਰ ਇੱਕ ਢੇਰੀ<br>
ਸੁਆਹ ਦੀ।<br>
ਦਾਤਣਾਂ ਵਿੱਚੋਂ ਦਾਤਣ ਹੁੰਦੀ ਏ ਚੰਗੀ<br>
ਫਲਾਹ ਦੀ।<br>
ਓਹੀਓ ਰੰਨ ਚੰਗੀ ਜਿਹੜੀ ਹੋਵੇ ਸੱਚੇ<br>
ਵਿਆਹ ਦੀ।<br>
ਸੇਵਾ ਰਾਮ ਸੇਵਾ ਹੁੰਦੀ ਖੂਬ ਝੂਠੇ<br>
ਗਵਾਹ ਦੀ।''

ਆਪਣੇ ਸੱਜੇ-ਖੱਬੇ ਪਾਸੇ ਵੱਲ ਤਰ੍ਹਾਂ-ਤਰ੍ਹਾਂ ਦਾ ਸਾਮਾਨ ਵੇਚਣ ਵਾਲੇ ਰੇੜ੍ਹੀਆਂ-ਫੜ੍ਹੀਆਂ ਵਾਲਿਆਂ ਦਾ ਦਿਲ ਸੇਵਾ ਰਾਮ ਆਪਣੀਆਂ ਗੱਲਾਂ ਅਤੇ ਕਵਿਤਾਵਾਂ ਨਾਲ ਲਾਈ ਰੱਖਦਾ ਹੈ। ਉਨ੍ਹਾਂ 'ਚੋਂ ਕੁਝ ਦੁਕਾਨਦਾਰ ਸੇਵਾ ਰਾਮ ਕੋਲੋਂ ਉਹਦੀ 'ਕਿੱਕਰ' ਦੀਆਂ ਦਾਤਣਾਂ ਬਾਰੇ ਘੜੀ ਗਈ ਇਹ ਕਵਿਤਾ ਵਾਰ-ਵਾਰ ਸੁਣਦੇ ਨੇ :

''ਮਿੱਠੀ ਹੁੰਦੀ ਏ ਆਵਾਜ਼ ਕੋਇਲ ਦੀ<br>
ਜਾਂ ਫਿਰ ਤਿੱਤਰ ਦੀ।<br>
ਉਹਨੂੰ ਵੀ ਆਪਣੀ ਮਾਂ-ਭੈਣ ਸਮਝੋ ਜੇ<br>
ਹੋਵੇ ਮਿੱਤਰ ਦੀ।<br>
ਦਗ਼ਾ ਕਰਨ ਵਾਲੇ ਨੂੰ ਮਾਰ ਮਾਰੋ ਡੰਡੇ<br>
ਅਤੇ ਛਿੱਤਰ ਦੀ।<br>
ਵਚਿੱਤਰ ਤੀਵੀਂ ਕਰਦੀ ਏ ਨਖਰੇ<br>
ਨਾਲ ਹਰ ਗੱਲ ਚਲਿੱਤਰ ਦੀ।<br>
ਯਾਰੋ! ਪਰ੍ਹਾ-ਪੰਚਾਇਤੀ ਨਿਤਾਰੇ ਤਾਂ<br>
ਲੁਕੀ ਗੱਲ ਵੀ ਨਿੱਤਰਦੀ।<br>
ਦੰਦ ਮੋਤੀਆਂ ਵਾਂਗ ਚਮਕਾਉਣ ਲਈ<br>
ਦਾਤਣ ਕਰੋ ਕਿੱਕਰ ਦੀ।<br>
ਸੇਵਾ ਰਾਮ ਮੋਛਾ ਤੂਤ ਦਾ ਯਾਰੀ ਹੁੰਦੀ<br>
ਏ ਸੱਚੇ ਮਿੱਤਰ ਦੀ।<br>
ਢੀਠ ਬੰਦੇ ਨਹੀਂ ਸੁਧਰਦੇ ਮਾਰ ਖਾ ਕੇ<br>
ਵੀ ਪੁਲਸ ਦੇ ਲਿੱਤਰ ਦੀ।''

ਅਜੋਕੇ ਮਸ਼ਹੂਰੀ ਤੇ ਤਰੱਕੀ ਵਾਲੇ ਤਿਕੜਮਬਾਜ਼ੀ-ਜ਼ਮਾਨੇ ਦਾ ਅਸਰ ਸੇਵਾ ਰਾਮ ਦੇ ਦਿਲੋ-ਦਿਮਾਗ 'ਤੇ ਛਾ ਗਿਆ ਹੈ ਤੇ ਉਹ ਵੀ ਸਮਾਜ ਵਿੱਚ ਹੋਰ ਕਈ 'ਕਾਮਯਾਬ' ਤੇ 'ਕਾਬਿਲ' ਲੋਕਾਂ ਵਾਂਗ ਛਾ ਜਾਣਾ ਚਾਹੁੰਦਾ ਹੈ। ਉਹਦੇ ਵਿੰਹਦਿਆਂ-ਵਿੰਹਦਿਆਂ ਰੇੜ੍ਹੀ 'ਤੇ ਨਾਲੇ, ਕੱਛੇ-ਬੁਨੈਣਾ, ਤੌਲੀਏ, ਜ਼ੁਰਾਬਾਂ, ਰੁਮਾਲ ਵਗੈਰਾ ਵੇਚਣ ਵਾਲਾ ਪਰਾਂਦਾ ਪ੍ਰਸ਼ਾਦ ਸਿਆਸਤ 'ਚ ਪੈਰ ਰੱਖ ਕੇ ਇੱਕ ਸਰਕਾਰੀ ਅਦਾਰੇ ਦਾ ਚੇਅਰਮੈਨ ਬਣ ਗਿਆ ਹੈ। ਲੱਕੜ ਦੇ ਫੱਟੇ 'ਤੇ ਬਰਫ ਵੇਚਣ ਵਾਲਾ ਜਵਾਲਾ ਸਿਹੁੰ ਤਰੱਕੀ ਕਰਦਾ ਹੋਇਆ ਸ਼ਰਾਬ ਦੇ ਕਈ ਠੇਕਿਆਂ ਦਾ ਮਾਲਕ ਬਣ ਬੈਠਾ ਹੈ। ਰੇੜ੍ਹੀ 'ਤੇ ਚੱਪਲਾਂ, ਸੈਂਟਲ, ਫੀਤੀਆਂ ਵਗੈਰਾ ਵੇਚਣ ਵਾਲਾ ਸ਼ੈਂਡੀ ਸੰਢਾ ਆਲੀਸ਼ਾਨ ਕੋਠੀ ਦਾ ਮਾਲਕ ਬਣ ਗਿਆ ਏ ਅਤੇ ਉਹਨੂੰ ਇੱਕ ਵੱਡੀ ਕਾਰ 'ਚ ਅਕਸਰ ਘੁੰਮਦਿਆਂ ਵੇਖਿਆ ਜਾ ਸਕਦਾ ਹੈ। ਸੁਣਿਐ ਕਿ ਸਿਆਸਤ ਦੀ ਅਪਾਰ ਕਿਰਪਾ ਸਦਕਾ ਸੈਂਡੀ ਸੰਢਾ 'ਰੀਅਲ ਅਸਟੇਟੀ' ਹੋ ਗਿਆ ਏ। ਆਪਣੀ ਯੋਗਤਾ ਨੂੰ ਕਾਮਯਾਬੀ 'ਚ ਬਦਲਣ ਲਈ ਸੇਵਾ ਰਾਮ ਨੇ ਆਪਣੇ ਤੱਪੜ-ਅੱਡੇ ਕੋਲ ਇੱਕ ਸਟੈਂਡਿੰਗ ਬੋਰਡ ਰਖਵਾ ਲਿਆ ਏ। ਇਸ 'ਤੇ ਉਸ ਦਾ ਨਾਂਅ ਮੋਬਾਈਲ ਨੰਬਰ ਅਤੇ ਇਹ ਕੁਝ ਲਿਖਿਆ ਹੋਇਆ ਹੈ, ''ਸੇਵਾ ਰਾਮ ਵੁਡ ਟੁੱਥ ਬਰੁੱਸ਼ਜ਼ ਕੰਪਨੀ।'' ਉਹ ਨੇ ਸੀਮਿੰਟਡ ਚਪਟੇ ਖੰਭੇ ਤੋਂ ਆਪਣੀ ਪੁਰਾਣੀ ਇਬਾਰਤ ਮਿਟਵਾ ਛੱਡੀ ਹੈ।

# ਸੁੱਖ ਦੁੱਖ ਦੀਆਂ ਵਾਟਾਂ

-ਸੁਪਿੰਦਰ ਸਿੰਘ ਰਾਣਾ

ਅੱਜ ਕਦਮ ਮਾਸੀ ਦੇ ਘਰ ਵੱਲ ਅੱਗੇ ਵਧਣ ਦੀ ਥਾਂ ਪਿੱਛੇ ਨੂੰ ਜਾ ਰਹੇ ਸਨ। ਢਾਈ ਦਹਾਕੇ ਪਹਿਲਾਂ ਇਹੀ ਕਦਮ ਸਾਈਕਲ ਚਲਾਉਂਦਿਆਂ ਤੇ ਸਾਹਮਣੀ ਹਵਾ ਹੋਣ ਦੇ ਬਾਵਜੂਦ ਉਸ ਦੇ ਘਰ ਨੂੰ ਤੇਜ਼ੀ ਨਾਲ ਅੱਗੇ ਵਧ ਰਹੇ ਸਨ। ਪਹਿਲਾਂ ਪੈਂਡਾ ਛੇਤੀ ਮੁੱਕਦਾ ਜਾਪਦਾ ਨਹੀਂ ਸੀ, ਪਰ ਅੱਜ ਕਾਰ ਵਿੱਚ ਬੈਠੇ ਹੋਣ ਦੇ ਬਾਵਜੂਦ ਅੱਗੇ ਨੂੰ ਵਧਿਆ ਨਹੀਂ ਜਾ ਰਿਹਾ ਤੇ ਘਰ ਨੇੜੇ ਹੁੰਦਾ ਜਾਪਦਾ ਸੀ। ਪਹਿਲਾਂ ਉਸ ਦੇ ਘਰ ਨੂੰ ਜਾਣ ਵਾਲੇ ਦੋ ਜਣੇ ਸਾਂ ਤੇ ਅੱਜ ਅਸੀਂ ਚਾਰ ਸਾਂ।

ਦਰਅਸਲ ਢਾਈ ਦਹਾਕੇ ਪਹਿਲਾਂ ਮਾਸੀ ਮਾਸੜ ਦੇ ਘਰ ਪੁੱਤਰ ਨੇ ਜਨਮ ਲਿਆ ਸੀ। ਆਪਣੀ ਭੈਣ ਮਨਪ੍ਰੀਤ ਤੋਂ ਕਰੀਬ ਅੱਠ ਸਾਲ ਮਗਰੋਂ ਉਸ ਦਾ ਜਨਮ ਹੋਇਆ ਸੀ। ਮੇਰੀ ਮਾਂ ਨੂੰ ਉਸ ਦੇ ਜਨਮ ਦਾ ਪਤਾ ਲੱਗਾ ਤਾਂ ਉਹ ਛੇਤੀ ਦੇਣੇ ਉਨ੍ਹਾਂ ਦੇ ਘਰ ਜਾਣਾ ਚਾਹੁੰਦੀ ਸੀ। ਮੈਂ ਆਪਣੀ ਮਾਂ ਨੂੰ ਸਾਈਕਲ ਉੱਤੇ ਬਿਠਾ ਕੇ ਉਨ੍ਹਾਂ ਦੇ ਘਰ ਵੱਲ ਚੱਲ ਪਿਆ। ਡੇਢ ਕੁ ਮੀਲ ਦੀ ਉਹ ਵਾਟ ਉਸ ਦਿਨ ਮੁੱਕਣ ਦਾ ਨਾਂ ਨਹੀਂ ਲੈ ਰਹੀ ਸੀ। ਮਾਸੀ ਆਪਣੇ ਪੁੱਤਰ ਨੂੰ ਮੇਰੇ ਕੋਲੋਂ ਗੁੜ੍ਹਤੀ ਦਿਵਾਉਣਾ ਚਾਹੁੰਦੀ ਸੀ, ਪਰ ਮੈਂ ਮਨ੍ਹਾਂ ਕਰਦਾ ਰਿਹਾ। ਮੈਂ ਚਾਹੁੰਦਾ ਸੀ ਕਿ ਮੇਰੀ ਮਾਂ ਉਸ ਨੂੰ ਗੁੜ੍ਹਤੀ ਦੇਵੇ। ਆਖਰ ਮੇਰੇ ਮਾਤਾ ਨੇ ਹੀ ਇਹ ਕਾਰਜ ਨੇਪਰੇ ਚਾੜ੍ਹਿਆ। ਖੁਸ਼ੀ ਵਿੱਚ ਖੀਵੇ ਹੋਏ ਮਾਸੀ ਮਾਸੜ ਨੇ ਆਪਣੇ ਪੁੱਤਰ ਦਾ ਨਾਂ ਸੁਖਪ੍ਰੀਤ ਸਿੰਘ ਰੱਖਿਆ। ਮਾਸੀ ਮਾਸੜ ਦੋਵੇਂ ਨੌਕਰੀ ਕਰਦੇ ਸਨ। ਇਸ ਕਾਰਨ ਉਨ੍ਹਾਂ ਦੇ ਦੋਵੇਂ ਬੱਚਿਆਂ ਦਾ ਬਚਪਨ ਸਾਡੇ ਘਰ ਗੁਜ਼ਰਿਆ। ਉਨ੍ਹਾਂ ਦਾ ਘਰ ਸਾਥੋਂ ਥੋੜ੍ਹੇ ਜਿਹੇ ਫਰਕ 'ਤੇ ਹੋਣ ਕਾਰਨ ਸਵੇਰੇ ਉਹ ਬੱਚਿਆਂ ਦੇ ਕੱਪੜੇ ਸਾਡੇ ਘਰ ਰੱਖ ਜਾਂਦੇ ਤੇ ਸ਼ਾਮੀ ਦੋਵਾਂ ਨੂੰ ਆਪਣੇ ਨਾਲ ਘਰ ਲੈ ਜਾਂਦੇ। ਸਾਡੀ ਉਮਰ ਉਨ੍ਹਾਂ ਤੋਂ ਵੱਧ ਹੋਣ ਕਾਰਨ ਮਾਂ ਨੇ ਉਨ੍ਹਾਂ ਨੂੰ ਵੱਧ ਲਾਡ ਪਿਆਰ ਕਰਨਾ। ਜਦੋਂ ਅਸੀਂ ਕਿਸੇ ਗੱਲੋਂ ਨਿਆਣਿਆਂ ਨੂੰ ਕੁਝ ਕਹਿ ਦੇਣਾ ਤਾਂ ਮਾਂ ਨੇ ਸਾਨੂੰ ਝਿੜਕ ਦੇਣਾ।

ਹੌਲੀ-ਹੌਲੀ ਸਮਾਂ ਬੀਤਦਾ ਗਿਆ। ਬੱਚੇ ਜਵਾਨ ਹੁੰਦੇ ਗਏ। ਸਾਡੇ ਤਿੰਨਾਂ ਭੈਣ ਭਰਾਵਾਂ ਦੇ ਵਿਆਹ ਹੋ ਗਏ। ਮਾਸੀ ਦੀ ਧੀ ਵੀ ਵਿਆਹੀ ਗਈ। ਸਿਰਫ ਸੁਖਪ੍ਰੀਤ ਰਹਿ ਗਿਆ ਸੀ। ਉਸ ਦਾ ਰਿਸ਼ਤੇਦਾਰੀ ਵਿੱਚ ਮੰਗਣਾ ਹੋ ਗਿਆ। ਜੋੜੀ ਵੀ ਅਜਿਹੀ ਕਿ ਮੁੰਡਾ ਕੁੜੀ ਤੋਂ ਸੋਹਣਾ ਤੇ ਕੁੜੀ ਮੁੰਡੇ ਤੋਂ ਸੋਹਣੀ। ਸੁਖਪ੍ਰੀਤ ਉਚੇਰੀ ਪੜ੍ਹਾਈ ਲਈ ਵਿਦੇਸ਼ ਚਲੇ ਗਿਆ। ਉਹ ਉਥੇ ਪੜ੍ਹਾਈ ਦੇ ਨਾਲ ਕੰਮ ਵੀ ਕਰਦਾ ਸੀ, ਪਰ ਰੋਜ਼ ਆਪਣੇ ਮਾਪਿਆਂ ਤੇ ਸਾਡੇ ਨਾਲ ਵਿਦੇਸ਼ੋਂ ਗੱਲ ਕਰਨੀ ਨਾ ਭੁੱਲਦਾ। ਮਾਪਿਆਂ ਨੇ ਉਸ ਨੂੰ ਕਈ ਵਾਰ ਕਹਿਣਾ ਕਿ ਤੂੰ ਕੰਮ ਘੱਟ ਕਰਿਆ ਕਰ ਤੇ ਪੜ੍ਹਾਈ ਵੱਲ ਜ਼ਿਆਦਾ ਧਿਆਨ ਦੇ।

ਇਕ ਦਿਨ ਉਸ ਦੇ ਦੋਸਤ ਦਾ ਮੈਨੂੰ ਫੋਨ ਆ ਗਿਆ ਕਿ ਉਹ ਢਿੱਲਾ ਹੋ ਗਿਆ ਹੈ। ਉਸ ਨੂੰ ਹਸਪਤਾਲ ਲਿਜਾ ਰਹੇ ਹਾਂ। ਇਹ ਗੱਲ ਉਸ ਦੇ ਦੋਸਤਾਂ ਨੇ ਉਸ ਦੇ ਘਰ ਵੀ ਦੱਸ ਦਿੱਤੀ। ਥੋੜ੍ਹੀ ਦੇਰ ਬਾਅਦ ਇਕ ਦੋਸਤ ਦਾ ਫੋਨ ਆ ਗਿਆ ਕਿ ਵੀਰ ਜੀ ਸੁੱਖ ਨਹੀਂ ਰਿਹਾ। ਇਹ ਗੱਲ ਸਾਥੋਂ ਉਸ ਦੇ ਘਰ ਨਹੀਂ ਦੱਸੀ ਜਾਣੀ। ਤੁਸੀਂ ਹਿੰਮਤ ਕਰਕੇ ਉਨ੍ਹਾਂ ਦੇ ਘਰ ਜਾਓ ਤੇ ਸਾਰੀ ਸਥਿਤੀ ਬਾਰੇ ਦੱਸੋ। ਅਜਿਹੀ ਗੱਲ ਮਾਸੀ ਮਾਸੜ ਨੂੰ ਕਿਵੇਂ ਕਹੀ ਜਾ ਸਕਦੀ ਹੈ। ਅੱਜ ਮਾਂ ਵੀ ਬੜੀ ਯਾਦ ਆਈ ਕਿ ਜੇ ਉਹ ਜਿਉਂਦੀ ਹੁੰਦੀ ਤਾਂ ਉਸ ਨੂੰ ਨਾਲ ਲੈ ਕੇ ਮਾਸੀ ਦੇ ਘਰ ਨੂੰ ਜਾਂਦਾ। ਸਾਰੀ ਰਾਤ ਜਾਗ ਕੇ ਕੱਟੀ ਅਤੇ ਸਵੇਰੇ ਮੈਂ ਆਪਣੇ ਦੋਸਤ ਨੂੰ ਫੋਨ ਕਰਕੇ ਸਾਰੀ ਗੱਲ ਦੱਸ ਦਿੱਤੀ। ਉਸ ਨੇ ਸਲਾਹ ਦਿੱਤੀ ਕਿ ਪਹਿਲਾਂ ਕਿਸੇ ਹੋਰ ਰਿਸ਼ਤੇਦਾਰ ਨੂੰ ਦੱਸ ਦੇਈਏ ਤੇ ਉਸ ਨੂੰ ਨਾਲ ਲੈ ਕੇ ਉਨ੍ਹਾਂ ਦੇ ਘਰ ਜਾਇਆ ਜਾ ਸਕਦਾ ਹੈ। ਅਸੀਂ ਦਾਓ ਮਾਜਰੇ ਜਾ ਕੇ ਦੂਜੇ ਮਾਸੀ ਮਾਸੜ ਨੂੰ ਸਾਰੀ ਗੱਲ ਦੱਸੀ। ਉਨ੍ਹਾਂ ਨੇ ਰੋਣਾ ਪਿੱਟਣਾ ਸ਼ੁਰੂ ਕਰ ਦਿੱਤਾ। ਬੜਾ ਸਮਝਾ ਬੁਝਾ ਕੇ ਉਨ੍ਹਾਂ ਨੂੰ ਨਾਲ ਤੋਰਿਆ। ਮਾਸੀ ਦੇ ਘਰ ਵੱਲ ਮੇਰੇ ਕਦਮ ਵਧਣ ਦੀ ਥਾਂ ਪਿੱਛੇ ਮੁੜਨਾ ਚਾਹੁੰਦੇ ਸਨ। ਕਾਰ ਚਲਾਉਂਦਿਆਂ ਮੇਰੀ ਸੁਰਤੀ ਸੁਖਪ੍ਰੀਤ ਦੇ ਬਚਪਨ ਵਿੱਚ ਗਈ ਹੋਈ ਸੀ। ਸੁਵਖਤੇ ਅਸੀਂ ਸਾਰੇ ਮਾਸੀ ਦੇ ਘਰ ਪਹੁੰਚ ਗਏ।

ਸਾਨੂੰ ਇਕੱਠਿਆਂ ਦੇਖ ਕੇ ਉਨ੍ਹਾਂ ਦਾ ਮੱਥਾ ਠਣਕਿਆ। ਮੇਰੀ ਭੁੱਬ ਨਿਕਲ ਗਈ, 'ਮਾਸੀ, ਸੁੱਖ ਨਹੀਂ ਰਿਹਾ।' ਇਹ ਸੁਣਦਿਆਂ ਹੀ ਮਾਸੀ ਧੜੰਮ ਦੇ ਕੇ ਡਿੱਗ ਪਈ। ਮਾਸੜ ਵੀ ਰੋਣ ਲੱਗਾ। ਸੁਪ੍ਰੀਤ ਦੇ ਦਾਦੇ ਦਾ ਹੋਰ ਵੀ ਬੁਰਾ ਹਾਲ ਸੀ। ਘਰ ਵਿੱਚ ਰੋਣ ਪਿੱਟਣ ਪੈ ਗਿਆ। ਘਰ ਦਿਆਂ ਨੂੰ ਉਸ ਦੀ ਮੌਤ ਦਾ ਯਕੀਨ ਨਹੀਂ ਹੋ ਰਿਹਾ ਸੀ। ਵਿਦੇਸ਼ ਵਿੱਚ ਬੈਠੀ ਉਸ ਦੀ ਭੈਣ ਨੂੰ ਸੂਚਨਾ ਦਿੱਤੀ। ਰੋਣ ਕੁਰਲਾਉਣ ਸੁਣ ਕੇ ਗੁਆਂਢੀ ਆ ਗਏ। ਘਰ ਦਾ ਮਾਹੌਲ ਗਮਗੀਨ ਹੋ ਗਿਆ।

ਕਰੀਬ 20-22 ਦਿਨਾਂ ਬਾਅਦ ਲਾਸ਼ ਭਾਰਤ ਲਿਆਂਦੀ ਗਈ। ਅੰਤਿਮ ਸੰਸਕਾਰ ਮੌਕੇ ਹਾਜ਼ਰ ਹਰ ਅੱਖ ਨਮ ਸੀ। ਮਾਸੀ ਮਾਸੜ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਸੀ। ਅੱਜ ਜਦੋਂ ਕਦੇ ਇਲੈਕਟ੍ਰੌਨਿਕ ਮੀਡੀਆ ਤੇ ਅਖਬਾਰਾਂ ਵਿੱਚ ਕਿਸੇ ਦੇ ਮਰਨ ਦੀ ਖਬਰ ਪੜ੍ਹਦਾ ਸੁਣਦਾ ਹਾਂ ਤਾਂ ਉਹ ਘਟਨਾ ਯਾਦ ਆ ਜਾਂਦੀ ਹੈ। ਕਈ ਵਾਰ ਮੈਂ ਇਕੱਲਾ ਬੈਠਾ ਸੋਚਦਾ ਹਾਂ ਕਿ ਭਾਵੇਂ ਸੋਸ਼ਲ ਮੀਡੀਆ 'ਤੇ ਹਰ ਖਬਰ ਮਿੰਟਾਂ ਵਿੱਚ ਪਹੁੰਚ ਜਾਂਦੀ ਹੈ, ਪਰ ਮੌਤ ਦੀ ਖਬਰ ਸਬੰਧਤ ਪਰਵਾਰ ਨੂੰ ਦੇਣੀ ਬੜਾ ਦੁਖਦਾਈ ਪੈਂਡਾ ਹੈ। ਇਸੇ ਕਾਰਨ ਸੁੱਖ ਦੀ ਮੌਤ ਵੇਲੇ ਮੇਰੇ ਕਦਮ ਮਾਸੀ ਦੇ ਘਰ ਵੱਲ ਵਧ ਨਹੀਂ ਰਹੇ ਸਨ।

# ਸਮੇਂ ਦੀ ਚੱਕੀ

-ਦਰਸ਼ਨ ਸਿੰਘ


ਘਰ ਦੇ ਇੱਕ ਕਮਰੇ ਵਿੱਚ ਇਕੱਲਾ ਬੈਠਾ ਮੈਂ ਸੋਚੀਂ ਡੁੱਬਾ ਹੋਇਆ ਹਾਂ। ਸੋਚਾਂ ਹਰ ਵੇਲੇ ਹੀ ਮੇਰੇ ਨਾਲ ਸੌਂਦੀਆਂ, ਜਾਗਦੀਆਂ, ਤੁਰਦੀਆਂ ਤੇ ਉਠਦੀਆਂ ਬੈਠਦੀਆਂ ਹਨ। ਕੰਨਾਂ ਵਿੱਚ ਹੈਡਫੋਨ ਫਸਾ ਕੇ ਆਸੇ ਪਾਸੇ ਦੇ ਰੌਲੇ ਤੋਂ ਬੇਖ਼ਬਰ ਹੋਣਾ ਚਾਹੁੰਦਾ ਹਾਂ। ਮਨ ਦੀ ਚੁੱਪ ਨੇ ਮੈਨੂੰ ਗੰਭੀਰ ਕਰ ਦਿੱਤਾ। ਜੀਅ ਚਾਹੁੰਦਾ ਕਿ ਕੋਈ ਬੋਲ ਬੋਲੇ। ਦੁੱਖ ਸੁੱਖ ਵੰਡੇ। ਸਾਂਝਾਂ ਅੱਗੇ ਤੋਰੇ, ਪਰ ਘੋਰ ਨਿਰਾਸ਼ਾ ਪੱਲੇ ਪੈਂਦੀ ਹੈ। ਸਹਿਜਤਾ ਗੁਆਚ ਰਹੀ ਹੈ ਅਤੇ ਅਸਥਿਰਤਾ ਪੈਰ ਪਸਾਰਦੀ ਜਾਪਦੀ ਹੈ।


'ਕਿਸੇ ਕੋਲ ਆਉਣਾ ਜਾਣਾ ਵੀ ਰਹਿ ਜਾਵੇਗਾ? ਸਭ ਰਿਸ਼ਤੇ ਸਮੇਂ ਦੀ ਚੱਕੀ ਵਿੱਚ ਪੀਸੇ ਜਾਣਗੇ? ਕਦੀ ਕਿਸੇ ਨੇ ਅਜਿਹੇ ਸੋਚਿਆ ਹੋਵੇਗਾ?' ਇੱਕ ਪਿੱਛੋਂ ਦੂਜੀ ਸੋਚ ਮੇਰੇ ਅੰਦਰ ਸਿਰ ਚੁੱਕਦੀ ਹੈ। ਯਾਦ ਆਉਣ ਲੱਗੀਆਂ ਹਨ ਨਿੱਕੇ ਹੋਣ ਵੇਲੇ ਦੀਆਂ ਗੱਲਾਂ। ਸਿਆਹੀ ਦੀ ਇਕੋ ਦਵਾਤ ਦੇ ਦੁਆਲੇ ਬੈਠੇ ਚਾਰੇ ਭਰਾ ਕਾਨੇ ਦੀ ਘੜੀ ਕਲਮ ਨਾਲ ਆਪੋ ਆਪਣੀ ਫੱਟੀ ਉਤੇ ੳ ਅ ਲਿਖਦੇ। ਹੱਸਦੇ, ਖੇਡਦੇ। ਕਲਮ ਘੜਦਿਆਂ ਇੱਕ ਦਿਨ ਤਿੱਖਾ ਬਲੇਡ ਮੇਰੀ ਉਂਗਲ ਦਾ ਇੱਕ ਪੋਟਾ ਪੂਰੀ ਤਰ੍ਹਾਂ ਚੀਰ ਗਿਆ। ਤੇਜ਼ ਲਹੂ ਵਗਣ ਲੱਗਾ। ਇਸ ਨੂੰ ਦੇਖ ਕੇ ਵੱਡਾ ਭਰਾ ਰੋ ਪਿਆ। ਫਿਰ ਛੋਟੇ ਦਾ ਰੋਣਾ ਵੀ ਵਿੱਚ ਸ਼ਾਮਲ ਹੋ ਗਿਆ। ਪੀੜਾਂ, ਚੀਸਾਂ ਤੇ ਹਰ ਤਰ੍ਹਾਂ ਦੀ ਸਾਂਝ ਵੱਡੇ ਹੋਣ ਤੱਕ ਤਾਂ ਰਹੀ, ਪਰ ਹੌਲੀ-ਹੌਲੀ ਪਤਾ ਨਹੀਂ ਕੀ ਤੋਂ ਕੀ ਹੁੰਦਾ ਗਿਆ। ਦਿਲਾਂ ਅੰਦਰ ਪਈਆਂ ਦੂਰੀਆਂ ਦੀਆਂ ਲੰਬਾਈਆਂ ਚੌੜਾਈਆਂ ਵਧੀ ਗਈਆਂ। ਯਕੀਨ ਕਰਨਾ ਔਖਾ ਹੋ ਗਿਆ ਕਿ ਕੋਈ ਸਬੰਧ ਵੀ ਹੈ ਜਾਂ ਕਿਤੇ ਕੋਈ ਆਪਣਾ ਵੀ ਹੈ?

ਜ਼ਿੰਦਗੀ ਕੀ ਹੈ? ਕਿਵੇਂ ਬੀਤਣੀ ਹੈ? ਕੀ ਹੋਣਾ ਹੈ? ਕੀ ਹੋਣ ਵਾਲਾ ਹੈ? ਕੋਈ ਕੀ ਜਾਣੇ? ਸੋਚਾਂ ਸੁੰਗੜ ਗਈਆਂ ਹਨ। ਸਲੀਕਾ, ਵਿਹਾਰ ਅਤੇ ਰੰਗ ਢੰਗ ਬਦਲ ਗਏ ਹਨ। ਸਭ ਆਪੋ ਆਪਣੇ ਫਿਕਰਾਂ ਦੇ ਬੋਝ ਹੇਠਾਂ ਦੱਬੇ ਦਿਖਾਈ ਦਿੰਦੇ ਹਨ। ਦੂਜੇ ਦੀ ਚਿੰਤਾ ਨਾਲ ਕਿਸੇ ਨੂੰ ਕਾਹਦਾ ਵਾਸਤਾ? ਸੋਚਦਾ ਤਾਂ ਜਾਪਣ ਲੱਗਦਾ ਹੈ ਕਿ ਬੇੜਾ ਡੁੱਬਣ ਕੰਢੇ ਪੁੱਜ ਗਿਆ ਹੈ। ਸਮੇਂ ਨਾਲ ਅਸੀਂ ਜਾਗਰੂਕ ਅਤੇ ਸਿਆਣੇ ਹੋ ਗਏ, ਪਰ ਮਨ ਰੰਗਹੀਣ ਹੋ ਗਿਆ ਹੈ। ਆਸਾਂ ਢਹਿ ਢੇਰੀ ਹੋ ਗਈਆਂ। ਡੁੱਬਣ ਵਾਲੇ ਨਾਲ ਡੁੱਬਣ ਦੀ ਕੀ ਲੋੜ? ਚੁਫੇਰੀਂ ਸੋਚ ਅਜਿਹੀ ਹੈ। ਮੌਤ ਹੋਣ ਪਿੱਛੋਂ ਵੀ ਸੱਚੀਆਂ ਹਮਦਰਦੀਆਂ ਮਿਲਣਾ ਇਤਿਹਾਸ ਦੀ ਗੱਲ ਹੋ ਗਈ ਹੈ। ਸਮਾਂ ਸਭ ਨੂੰ ਹੀ ਇੱਕਲਾ ਕਰ ਗਿਆ ਹੈ। ਰਿਸ਼ਤਿਆਂ ਦਾ ਘਾਣ ਹੋ ਗਿਆ ਹੈ।

ਕੋਈ ਆਇਆ! ਘੰਟੀ ਦੀ ਆਵਾਜ਼ ਸੁਣ ਕੇ ਮੈਂ ਕਮਰੇ ਤੋਂ ਬਾਹਰ ਆਉਂਦਾ ਹਾਂ। ਵੱਡਾ ਤੇ ਛੋਟਾ ਪੁੱਤ ਦਫ਼ਤਰੋਂ ਦੋ ਛੁੱਟੀਆਂ ਲੈ ਕੇ ਮੈਨੂੰ ਮਿਲਣ ਆਏ ਹਨ। ਡੇਢ ਕੁ ਵਰ੍ਹਾ ਪਹਿਲੋਂ ਪਤਨੀ ਦੀ ਹੋਈ ਮੌਤ ਕਾਰਨ ਇਕੱਲ ਸਹਾਰ ਰਹੀ ਮੇਰੀ ਜ਼ਿੰਦਗੀ ਇੱਕ ਦੋ ਦਿਨ ਲਈ ਪਟੜੀ ਉਤੇ ਆ ਜਾਂਦੀ ਹੈ। ਪੋਤੇ ਨਾਲ ਖੇਡ ਕੇ ਜੀਅ ਪਰਚਾਉਣ ਲਗਦਾ ਹਾਂ। ਵਾਪਸੀ ਸਮੇਂ ਸਾਲ ਕੁ ਦੀ ਪੋਤੀ ਮੇਰੇ ਵੱਲ ਮੁੜ-ਮੁੜ ਦੇਖਦੀ ਹੈ। ਉਸ ਦੀਆਂ ਅੱਖਾਂ ਬੋਲਦੀਆਂ ਹਨ ਕਿ ਉਸ ਅੰਦਰ ਮੇਰੇ ਲਈ ਕਿੰਨੀ ਖਿੱਚ ਹੈ। ਛੇ ਕੁ ਸਾਲ ਦਾ ਪੋਤਾ ਆਪਣੇ ਲਈ ਇੱਕ-ਇੱਕ ਕਰਕੇ ਜੋੜੇ ਪੈਸਿਆਂ ਵਿੱਚੋਂ ਮੇਰੇ ਲਈ ਕੰਬਲ ਲੈ ਆਇਆ ਹੈ। ਨਿੱਕੇ-ਨਿੱਕੇ ਹੱਥਾਂ ਨਾਲ ਮੇਰੇ ਮੋਢਿਆਂ ਤੇ ਦਿੰਦਾ ਆਖਦਾ ਹੈ, 'ਠੰਢ ਨਹੀਂ ਲੱਗੇਗੀ, ਦਾਦੂ।''

ਵੀਹ ਕੁ ਸਾਲਾਂ ਦੀ ਗਰੀਬ ਕੁੜੀ ਘਰ ਸਫ਼ਾਈ ਲਈ ਰੋਜ਼ ਆਉਂਦੀ ਹੈ। ਮੈਨੂੰ ਕਦੀ-ਕਦੀ ਰਸੋਈ ਦਾ ਕੰਮ ਆਪ ਕਰਦੇ ਹੋਏ ਦੇਖਦਿਆਂ ਆਖਦੀ ਹੈ, 'ਅੰਕਲ! ਤੁਸੀਂ ਬੈਠੋ, ਰੋਟੀ ਮੈਂ ਬਣਾ ਦਿੰਦਾ ਹਾਂ।' ''ਜੀਂਦੀ ਰਹਿ, ਧੀਏ।'' ਮੈਂ ਅਸੀਸ ਦਿੰਦਾ ਹਾਂ। ਮੈਂ ਕਦੀ ਕੰਬਲ ਵਿੱਚ ਸਮੋਏ ਮਾਸੂਮ ਮੋਹ ਨੂੰ ਦੇਖਦਾ ਹਾਂ, ਰਸੋਈ ਵਿੱਚ ਪੱਕ ਰਹੀ ਰੋਟੀ ਤੋਂ ਝਲਕਦੀ ਸੁੱਚੀ ਹਮਦਰਦੀ ਨੂੰ ਮਹਿਸੂਸ ਕਰਦਾ ਹਾਂ ਤੇ ਕਦੀ ਪੋਤੀ ਦੀਆਂ ਮੇਰੇ ਵੱਲ ਟਿਕਾਈਆਂ ਅੱਖਾਂ ਵਿੱਚੋਂ ਮੇਰੇ ਲਈ ਡੁੱਲ੍ਹ-ਡੁੱਲ੍ਹ ਪੈਂਦੇ ਸਨੇਹ ਦਾ ਆਨੰਦ ਮਾਣਦਾ ਹਾਂ। ਮੇਰੇ ਡੋਲ ਚੁੱਕੇ ਮਨ ਨੂੰ ਸਹਾਰਾ, ਸਾਂਹਾਂ ਨੂੰ ਧੜਕਦੇ ਰਹਿਣ ਲਈ ਹਿੰਮਤ ਅਤੇ ਵਿਅਰਥ ਜਾਪਦੀ ਜ਼ਿੰਦਗੀ ਨੂੰ ਅਰਥ ਮਿਲਦੇ ਹਨ। ਚਿਹਰੇ ਉਤੇ ਹਾਸੇ ਮੁੜਦੇ ਹਨ। ਵੱਡੇ-ਵੱਡੇ ਦੁਖਾਂਤਾਂ ਹੱਥੋਂ ਹਾਰ ਕੇ ਖ਼ੁਦਕੁਸ਼ੀ ਦੇ ਰਾਹ ਤੁਰਦੇ ਲੋਕ ਪਰਵਾਰਕ ਜੀਆਂ ਲਈ ਦੁੱਖਾਂ ਦਾ ਪਹਾੜ ਛੱਡਦੇ ਹੋਏ ਮੇਰੇ ਸਾਹਮਣੇ ਆਉਂਦੇ ਹਨ। ਕਿਉਂ? ਸੋਚਦਾ ਹਾਂ ਕਿ ਨਫ਼ੇ ਘਾਟੇ, ਕਰਜ਼ ਜਾਂ ਮੌਤ ਜਿਹੇ ਹੋਰ ਹਜ਼ਾਰਾਂ ਦੁੱਖ ਤਾਂ ਜ਼ਿੰਦਗੀ ਦਾ ਹਿੱਸਾ ਹਨ। ਜ਼ਿੰਦਗੀ ਜੀਣ ਲਈ ਮੋਹ, ਪਿਆਰ, ਮੁਸਕਾਣਾਂ, ਉਡੀਕਾਂ, ਆਸਾਂ ਅਤੇ ਸੱਚੀਆਂ ਸੁੱਚੀਆਂ ਹਮਦਰਦੀਆਂ ਜਿਹੇ ਜ਼ਿੰਦਗੀ ਦੇ ਥੰਮ੍ਹ ਅਜੇ ਬਚੇ ਹਨ ਜੋ ਜੀਣ ਲਈ ਕਾਫੀ ਹਨ। ਕੀ ਹੋਇਆ, ਭਾਵੇਂ ਸਮੇਂ ਦੀ ਚੱਕੀ ਵਿੱਚ ਬੜਾ ਕੁਝ ਪੀਸਿਆ ਜਾ ਚੁੱਕਾ ਹੈ!



# ਦਿੱਲੀ ਦੇ ਤਖਤ ਉੱਤੇ ਵਿਕਾਸ ਪੁਰਸ਼ ਕੇਜਰੀਵਾਲ

-ਕਲਿਆਣੀ ਸ਼ੰਕਰ-

ਸੱਤ ਸਾਲ ਪਹਿਲਾਂ ਕਿਸ ਨੇ ਸੋਚਿਆ ਨਹੀਂ ਸੀ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਿੱਲੀ ਦੇ ਤਖਤ 'ਤੇ ਤੀਸਰੀ ਵਾਰ ਬੈਠਣਗੇ। ਆਮ ਆਦਮੀ ਪਾਰਟੀ 2013 ਵਿੱਚ ਇੱਕ ਤਬਾਹਕੁੰਨ ਕਾਰਕ ਦੇ ਤੌਰ ਉਤੇ ਆਈ ਸੀ ਅਤੇ ਕੇਜਰੀਵਾਲ ਨੂੰ 'ਕੱਲ੍ਹ ਕਾ ਛੋਕਰਾ' ਕਹਿ ਕੇ ਸ਼ੁਰੂ ਵਿੱਚ ਨਕਾਰ ਦਿੱਤਾ ਗਿਆ ਸੀ। ਉਸ ਨੇ ਲੋਕਾਂ ਦਾ ਮੂਡ ਸਮਝ ਕੇ ਆਪਣੇ ਆਲੋਚਕਾਂ ਨੂੰ ਹੈਰਾਨ ਕਰ ਦਿੱਤਾ। ਆਪਣੇ ਰੋਲਰ ਕੋਸਟਰ ਦੇ ਸਿਆਸੀ ਝੂਲੇ 'ਚ ਚੰਗਾ ਕਰਨ ਲਈ ਕੇਜਰੀਵਾਲ ਬਦਲਾਅ ਲਿਆਏ। ਉਨ੍ਹਾਂ ਦੇ ਆਲੋਚਕਾਂ ਨੇ ਉਨ੍ਹਾਂ ਨੂੰ ਅਰਾਜਕਵਾਦੀ ਕਿਹਾ। ਅਸਲ ਵਿੱਚ ਦਿੱਲੀ ਉਨ੍ਹਾਂ ਦੀਆਂ ਵੱਡੀਆਂ ਖਾਹਿਸ਼ਾਂ ਦਾ ਆਖਰੀ ਸਿਰਾ ਨਹੀਂ ਸੀ। ਉਨ੍ਹਾਂ ਨੇ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚੁਣੌਤੀ ਦਿੱਤੀ ਅਤੇ 400 ਲੋਕ ਸਭਾ ਦੀ ਚੋਣ ਲੜੀ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਕਿੰਨੀਆਂ ਵੱਡੀਆਂ ਖਾਹਿਸ਼ਾਂ ਵਾਲੇ ਸਨ। ਇਸ ਵਾਰ ਵੀ ਜਿੱਤਣ ਤੋਂ ਬਾਅਦ ਆਮ ਆਦਮੀ ਪਾਰਟੀ ਦਿੱਲੀ ਦੀ ਨਹੀਂ, ਰਾਸ਼ਟਰੀ ਦੇ ਨਿਰਮਾਣ ਬਾਰੇ ਗੱਲ ਕਰਦੀ ਹੈ। ਜਦੋਂ ਕੇਜਰੀਵਾਲ ਨੇ ਦੇਖਿਆ ਕਿ ਉਨ੍ਹਾਂ ਲਈ ਗੁੰਜਾਇਸ਼ ਘੱਟ ਹੈ ਤਾਂ ਉਨ੍ਹਾਂ ਨੇ ਆਪਣਾ ਟਰੈਕ ਫਿਰ ਬਦਲ ਲਿਆ।

ਦਿੱਲੀ ਦੀਆਂ ਤਾਜ਼ਾ ਵਿਧਾਨ ਸਭਾ ਚੋਣਾਂ ਵਿੱਚ ਜ਼ੋਰਦਾਰ ਜਿੱਤ ਨਾਲ ਕੇਜਰੀਵਾਲ ਸੰਤੁਸ਼ਟ ਹੋਣਗੇ। ਇਹ ਦੂਸਰੀ ਵਾਰ ਹੈ ਕਿ ਮੋਦੀ ਮੈਜਿਕ ਦਿੱਲੀ ਚੋਣਾਂ ਵਿੱਚ ਕੰਮ ਨਹੀਂ ਕਰ ਸਕਿਆ। ਵਰਣਨ ਯੋਗ ਹੈ ਕਿ 2019 ਵਿੱਚ ਭਾਜਪਾ ਨੇ ਇੱਕ ਪ੍ਰਭਾਵਸ਼ਾਲੀ ਜਿੱਤ ਦਰਜ ਕੀਤੀ ਸੀ। ਦਿੱਲੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਤੇ ਭਾਜਪਾ ਆਹਮੋ-ਸਾਹਮਣੇ ਸਨ। ਦਿੱਲੀ ਨੂੰ ਫਿਰ ਹਥਿਆਉਣ ਲਈ ਭਾਜਪਾ ਨੇ ਆਪਣਾ ਜ਼ੋਰ ਲਾ ਦਿੱਤਾ। ਤਿੰਨ ਦਹਾਕਿਆਂ ਤੋਂ ਉਹ ਦਿੱਲੀ ਵਿੱਚ ਜਿੱਤਣ ਦੇ ਲਈ ਤਰਸ ਰਹੀ ਹੈ, ਇਸ ਵਾਰ ਉਸ ਨੇ ਹਾਈ ਪ੍ਰੋਫਾਈਲ ਨੇਤਾਵਾਂ ਨੂੰ ਕੰਮ ਵਿੱਚ ਲਾਇਆ ਹੋਇਆ ਸੀ।

ਆਖਿਰ ਕੇਜਰੀਵਾਲ ਲਈ ਇਸ ਵਾਰ ਕਿਸ ਚੀਜ਼ ਨੇ ਕੰਮ ਕੀਤਾ। ਕੇਜਰੀਵਾਲ ਨੇ ਮੋਦੀ ਨੂੰ ਮੋਦੀ ਤੋਂ ਹਰਾਇਆ। ਮੋਦੀ ਨੇ 2014 ਚੋਣਾਂ ਵਿਕਾਸ ਦੇ ਮੁੱਦੇ 'ਤੇ ਜਿੱਤੀਆਂ ਸਨ ਅਤੇ ਕੇਜਰੀਵਾਲ ਨੇ ਮੋਦੀ ਦੇ ਇਸ ਆਈਡੀਏ ਨੂੰ ਚੋਰੀ ਕਰ ਕੇ ਇਸ ਦੀ ਵਰਤੋਂ ਦਿੱਲੀ ਵਿੱਚ ਕੀਤੀ। ਕੇਜਰੀਵਾਲ ਦਿੱਲੀ ਦੇ ਵੋਟਰਾਂ ਤੱਕ ਕਦੇ ਖਾਲੀ ਹੱਥ ਨਹੀਂ ਗਏ। ਉਨ੍ਹਾਂ ਦੇ ਭੱਥੇ ਵਿੱਚ ਲੋਕ ਭਲਾਈ ਦੇ ਮੁੱਦੇ, ਫ੍ਰੀ ਬਿਜਲੀ, ਪਾਣੀ, ਬਿਹਤਰ ਸਿਹਤ ਸੇਵਾਵਾਂ, ਸਿਖਿਆ ਸਹੂਲਤਾਂ, ਆਮ ਆਦਮੀ ਦੇ ਬੂਹੇ ਤੱਕ ਸੇਵਾਵਾਂ ਦੀ ਡਲਿਵਰੀ, ਔਰਤਾਂ ਲਈ ਫ੍ਰੀ ਬਸ ਸੇਵਾ, ਬਿਹਤਰ ਸਟਰੀਟ ਲਾਈਟਿੰਗ, ਸੀ ਸੀ ਟੀ ਵੀ ਆਦਿ ਸ਼ਾਮਲ ਸਨ। ਉਨ੍ਹਾਂ ਨੇ ਸਰਕਾਰ ਦੀਆਂ ਕਾਰਗੁਜ਼ਾਰੀ 'ਤੇ ਵੋਟਾਂ ਮੰਗੀਆਂ। ਉਨ੍ਹਾਂ ਦੇ ਆਲੋਚਕ ਇਹ ਦੋਸ਼ ਲਾਉਂਦੇ ਹਨ ਕਿ ਟੈਕਸ ਦਾਤਿਆਂ ਦੇ ਪੈਸੇ ਨੂੰ ਉਹ ਉਡਾਉਂਦੇ ਰਹੇ, ਪਰ ਗਰੀਬਾਂ ਲਈ ਕੀਤੇ ਕੰਮ ਹੀ ਉਨ੍ਹਾਂ ਦੇ ਹੱਕ ਵਿੱਚ ਰਹੇ। ਇਸ ਤੋਂ ਇਲਾਵਾ ਕੇਜਰੀਵਾਲ ਨੇ ਆਪਣੇ ਆਪ ਨੂੰ ਸ਼ਾਹੀਨ ਬਾਗ, ਸੀ ਏ ਏ ਦੇ ਵਿਰੋਧੀ ਪ੍ਰਦਰਸ਼ਨਾਂ ਅਤੇ ਨਫਰਤ ਵਰਗੀ ਰਾਜਨੀਤੀ ਤੋਂ ਦੂਰ ਰੱਖਿਆ। ਉਨ੍ਹਾਂ ਦੇ ਵੋਟਰਾਂ ਵਿੱਚ ਮੁਸਲਮਾਨ ਵੀ ਇੱਕ ਹਿੱਸਾ ਸਨ।

ਦੂਜੀ ਗੱਲ ਇਹ ਹੈ ਕਿ ਕੇਜਰੀਵਾਲ ਕੁਝ ਵੀ ਨਾ ਹੁੰਦੇ, ਜੇ ਜਲਦੀ ਨਾ ਸਿੱਖਦੇ। ਉਨ੍ਹਾਂ ਨੇ ਆਪਣੀਆਂ ਗਲਤੀਆਂ ਤੋਂ ਸਿਖਿਆ ਤੇ 2017 ਵਿੱਚ ਦਿੱਲੀ ਮਿਊਂਸਪਲ ਕਾਰਪੋਰਸ਼ਨ ਚੋਣਾਂ ਵਿੱਚ ਆਪਣੀ ਪਾਰਟੀ ਦੀ ਸ਼ਰਮਨਾਕ ਹਾਰ ਤੋਂ ਬਾਅਦ ਆਪਣੀ ਕਾਰਜਸ਼ੈਲੀ ਦਾ ਸਟਾਈਲ ਬਦਲ ਦਿੱਤਾ, ਪਰ ਅਸਲੀ ਬਦਲਾਅ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਿੱਛੋਂ ਮਿਲੀ ਹਾਰ ਤੋਂ ਆਇਆ। ਇਸ ਪਿੱਛੋਂ ਕੇਜਰੀਵਾਲ ਨੇ ਆਪਣੀ ਦਿੱਖ ਸੁਧਾਰਨਾ ਜਾਰੀ ਰੱਖਿਆ। 2012 ਵਿੱਚ ਐਂਗਰੀ ਯੰਗਮੈਨ ਦੀ ਦਿੱਖ ਦਿਖਾਉਣ ਤੋਂ ਬਾਅਦ ਉਨ੍ਹਾਂ ਨੇ ਆਪਣੇ ਆਪ ਨੂੰ ਵਿਕਾਸ ਪੁਰਸ਼ ਵਜੋਂ ਪੇਸ਼ ਕੀਤਾ। ਮਫਲਰਮੈਨ ਕੇਜਰੀਵਾਲ ਨੇ ਆਪਣਾ ਮਫਲਰ ਹਟਾ ਕੇ ਆਪਣੇ ਆਪ ਨੂੰ ਪਰਵਾਰਕ ਵਿਅਕਤੀ ਵਜੋਂ ਪੇਸ਼ ਕੀਤਾ। ਜਿੱਤ ਦੀ ਲਾਲਸਾ ਵਿੱਚ ਆਪਣਾ ਧਿਆਨ ਦਿੱਲੀ 'ਤੇ ਕੇਂਦਰਿਤ ਕਰ ਕੇ ਬ੍ਰੈੱਡ ਐਂਡ ਬਟਰ ਵਰਗੇ ਮੁੱਦੇ ਉਠਾਏ। ਭਾਜਪਾ 'ਤੇ ਇਹੀ ਮੁੱਦਾ ਭਾਰੀ ਪਿਆ।

ਤੀਸਰੀ ਗੱਲ ਇਹ ਕਿ ਬਦਲੇ ਦੀ ਰਾਜਨੀਤੀ ਛੱਡ ਕੇ ਆਮ ਆਦਮੀ ਪਾਰਟੀ ਨੇ ਜੰਮੂ ਕਸ਼ਮੀਰ ਵਿੱਚ ਆਰਟੀਕਲ 370 ਹਟਾਉਣ ਦੇ ਵਿਵਾਦ ਵਾਲੇ ਬਿੱਲ ਦਾ ਰਾਜ ਸਭਾ ਵਿੱਚ ਸਮਰਥਨ ਕੀਤਾ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਰਾਮ ਮੰਦਰ 'ਤੇ ਦਿੱਤੇ ਫੈਸਲੇ ਦਾ ਸਵਾਗਤ ਕੀਤਾ। ਇਸ ਦੇ ਨਤੀਜੇ ਵਜੋਂ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਵਿਚਾਲੇ ਬਿਹਤਰ ਰਿਸ਼ਤਾ ਬਣਿਆ। ਜਦੋਂ ਕੇਜਰੀਵਾਲ 51 ਸਾਲ ਦੇ ਹੋਏ ਤਾਂ ਮੋਦੀ ਨੇ ਉਨ੍ਹਾਂ ਨੂੰ ਹੈਪੀ ਬਰਥਡੇ ਸੰਦੇਸ਼ ਭੇਜਿਆ।

ਚੌਥੀ ਗੱਲ ਇਹ ਕਿ ਚੋਣਾਂ ਵੇਲੇ ਉਨ੍ਹਾਂ ਨੇ ਸਥਾਨਕ ਮੁੱਦਿਆਂ ਦੀ ਕਹਾਣੀ ਲਿਖੀ। ਇਸ ਦੇ ਉਲਟ ਭਾਜਪਾ ਰਾਸ਼ਟਰੀ ਮੁੱਦੇ ਚੁੱਕਦੀ ਰਹੀ। ਉਨ੍ਹਾਂ ਨੇ ਸੋਸ਼ਲ ਮੀਡੀਆ ਅਤੇ ਰੇਡੀਓ 'ਤੇ ਆਪਣੇ ਵਿਗਿਆਪਨਾਂ ਦੀ ਝੜੀ ਲਾ ਦਿੱਤੀ। ਕੇਜਰੀਵਾਲ ਦੇ ਆਲੋਚਕਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਆਪਣੇ ਉਪਰ ਅਤੇ ਪਾਰਟੀ ਪ੍ਰਚਾਰ 'ਤੇ 500 ਕਰੋੜ ਰੁਪਿਆ ਖਰਚ ਕੀਤਾ।

ਪੰਜਵਾਂ ਇਹ ਕਿ ਸੁਪਰੀਮ ਕੋਰਟ ਦੇ ਹੁਕਮ ਕਿ ਲੈਫਟੀਨੈਂਟ ਗਵਰਨਰ ਮੰਤਰੀ ਮੰਡਲ ਦੀ ਸਲਾਹ ਅਤੇ ਸਹਾਇਤਾ ਨਾਲ ਕੰਮ



ਕਰਨਗੇ, ਕੇਜਰੀਵਾਲ ਨੇ ਦਿੱਲੀ ਲੈਫਟੀਨੈਂਟ ਗਵਰਨਰ ਨਾਲ ਲਗਾਤਾਰ ਲੜਾਈ ਛੱਡ ਦਿੱਤੀ। ਅਦਾਲਤ ਵਿੱਚ ਚੱਲ ਰਹੀ ਲੜਾਈ ਵੀ ਖਤਮ ਹੋ ਗਈ।

ਛੇਵੀਂ ਗੱਲ ਹੋਰ ਵੀ ਮਹੱਤਵ ਪੂਰਨ ਹੈ ਹੈ ਕਿ ਨਾ ਕਾਂਗਰਸ ਅਤੇ ਨਾ ਭਾਜਪਾ ਕੋਲ ਕੇਜਰੀਵਾਲ ਵਰਗਾ ਕੱਦਾਵਰ ਨੇਤਾ ਹੈ। ਭਾਜਪਾ ਮੋਦੀ ਮੈਜਿਕ 'ਤੇ ਹੀ ਸ਼ਰਤ ਲਾਉਂਦੀ ਹੈ, ਜਦ ਕਿ ਕਾਂਗਰਸ ਸ਼ੀਲਾ ਦੀਕਸ਼ਿਤ ਦੇ ਤਿੰਨ ਕਾਰਜਕਾਲਾਂ ਦਾ ਗੁਣ-ਗਾਨ ਕਰਦੀ ਹੈ।

ਸੰਖੇਪ ਵਿੱਚ ਕੇਜਰੀਵਾਲ ਦੀ ਜਿੱਤ ਚਾਰ ਮੁੱਖ ਕਾਰਨਾਂ ਕਰ ਕੇ ਸੰਭਵ ਹੋਈ। ਪਹਿਲਾ ਇਹ ਕਿ ਕੇਜਰੀਵਾਲ ਲੋਕਾਂ ਨੂੰ ਵਿਸ਼ਵਾਸ ਦਿਵਾਉਣ ਵਿੱਚ ਸਫਲ ਹੋਏ ਕਿ ਉਨ੍ਹਾਂ ਦੇ ਦੂਸਰੇ ਕਾਰਜਕਾਲ ਦੀ ਲੋਕਾਂ ਨੇ ਸ਼ਲਾਘਾ ਕੀਤੀ ਹੈ। ਦੂਸਰੀ ਗੱਲ ਲੋਕਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਪੁਰਾਣੀ ਰਾਜਨੀਤੀ ਨੌਸਿੱਖੀਆ ਦੀ ਇਮੇਜ ਦੇ ਉਲਟ ਉਨ੍ਹਾਂ ਨੂੰ ਚੰਗਾ ਨੇਤਾ ਮੰਨਿਆ। ਤੀਸਰੀ ਗੱਲ ਕਾਂਗਰਸ ਦੀ ਹੋਂਦ ਖਤਮ ਹੋਈ ਤੇ ਭਾਜਪਾ ਕੋਲ ਕੋਈ ਯੋਗ ਨੇਤਾ ਨਹੀਂ ਸੀ। ਚੌਥੀ ਗੱਲ ਕਿ ਉਹ ਗਰੀਬ ਚੋਣ ਖੇਤਰ ਦਾ ਪੋਸ਼ਣ ਕਰਨ ਵਿੱਚ ਸਫਲ ਰਹੇ। ਉਨ੍ਹਾਂ ਨੇ ਨਾਜਾਇਜ਼ ਕਲੋਨੀਆਂ ਨਿਯਮਤ ਕਰਨ ਦਾ ਸਿਹਰਾ ਲਿਆ। ਧਰੁਵੀਕਰਨ ਦੀ ਰਾਜਨੀਤੀ ਤੋਂ ਕੇਜਰੀਵਾਲ ਨੇ ਖੁਦ ਨੂੰ ਦੂਰ ਰੱਖਿਆ। ਖਤਰਾ ਹੈ ਕਿ ਕੇਜਰੀਵਾਲ ਦੀ ਹੈਟ੍ਰਿਕ ਉਨ੍ਹਾਂ ਨੂੰ ਕਿਤੇ ਨਿਰੰਕੁਸ਼ ਨਾ ਬਣਾ ਦੇਵੇ। ਉਨ੍ਹਾਂ ਦੇ ਆਲੋਚਕ ਪਹਿਲਾਂ ਤੋਂ ਹੀ ਕਹਿੰਦੇ ਹਨ ਕਿ ਕੇਜਰੀਵਾਲ ਆਪਣੇ ਆਲੇ-ਦੁਆਲੇ ਨਿੱਜੀ ਪੰਥ ਬਣਾ ਰਹੇ ਹਨ। ਆਪ ਅਤੇ ਇਸ ਦੇ ਮੁਖੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਸਾਹਮਣੇ ਬਹੁਤ ਸਾਰੀਆਂ ਚੁਣੌਤੀਆਂ ਹਨ।

## ਸੰਤਾਪ

-ਮਾ. ਹਰਭਿੰਦਰ ਮੁੱਲਾਂਪੁਰ

ਮਿੰਨੀ ਕਹਾਣੀ

ਗਿੰਦਰ ਨੇ ਆਪਣੀ ਉਮਰ ਦੇ ਛੇਵੇਂ ਦਹਾਕੇ ਵਿੱਚ ਨਿੱਤ ਦੀ ਸ਼ਰਾਬ ਤੋਂ ਤੌਬਾ ਕਰਦਿਆਂ ਗਲਾਸੀ ਨੂੰ ਹਮੇਸ਼ਾ ਵਾਸਤੇ ਠੋਕਰ ਮਾਰ ਦਿੱਤੀ। ਮੁਹੱਲੇ ਦੀ ਇਕ ਔਰਤ ਉਸ ਦੀ ਪਤਨੀ ਨੂੰ ਖੁਸ਼ੀ ਭਰੇ ਲਹਿਜੇ ਵਿੱਚ ਆਖਣ ਲੱਗੀ, 'ਵਧਾਈਆਂ ਹੋਣ ਭੈਣੇ ਤੈਨੂੰ, ਚੰਦਰੀ ਸ਼ਰਾਬ ਦਾ ਜੂਲ ਹੀ ਵੱਢ 'ਤੇ ਵੀਰੇ ਨੇ।'

ਹਟਕੋਰਾ ਭਰਦਿਆਂ ਗਿੰਦਰ ਦੀ ਪਤਨੀ ਬੋਲੀ, 'ਈਦ ਪਿੱਛੋਂ ਤੰਬਾ ਫੂਕਣਾ ਈ ਭੈਣੇ! ਭਰ ਜਵਾਨੀ ਵਿੱਚ ਦਾਰੂ ਛੱਡਦਾ ਤਾਂ ਨਿਆਣੇ ਪੜ੍ਹ ਲਿਖ ਜਾਂਦੇ। ਇਹਦੀ ਕਮਾਈ ਤਾਂ ਸ਼ਰਾਬ ਦੇ ਠੇਕੇ ਨੂੰ ਹੀ ਜਾਂਦੀ ਰਹੀ। ਘਰ ਦਾ ਗੁਜ਼ਾਰਾ ਕਰਨ ਵਾਸਤੇ ਆਪਣੇ ਪੁੱਤ ਨੂੰ ਸਕੂਲੋਂ ਹਟਾ ਕੇ ਫੈਕਟਰੀ 'ਚ ਲਾਇਆ। ਹੁਣ ਉਹ ਵੀ ਪਿਓ ਦੀਆਂ ਨਲਾਇਕੀਆਂ ਕਰਕੇ ਘਰੋਂ ਬਾਹਰ ਭੈੜੀ ਸੰਗਤ ਦਾ ਆਦੀ ਹੋ ਗਿਆ। ਕੁੜੀਆਂ ਨੂੰ ਸਕੂਲ ਦਾ ਮੂੰਹ ਨਹੀਂ ਵਿਖਾਇਆ, ਸਗੋਂ ਆਪਣੇ ਨਾਲ ਕੰਮਾਂ ਕਾਰਾਂ ਜੋਗੀਆਂ ਕਰ ਛੱਡਿਆ। ਮੇਰੀਆਂ ਸੱਧਰਾਂ ਤਾਂ ਵਿਆਹ ਵਾਲੇ ਦਿਨ ਹੀ ਦਮ ਤੋੜ ਗਈਆਂ। ਜਵਾਨੀ ਇਹਦੀ ਸ਼ਰਾਬ ਨੇ ਗਾਲ ਦਿੱਤੀ ਤੇ ਹੁਣ ਬੁਢਾਪਾ ਇਹਦੀ ਸਾਂਭ ਸੰਭਾਲ ਨੇ ਰੋਲ ਦੇਣੈ।' ਗਿੰਦਰ ਦੀ ਪਤਨੀ ਅਤੇ ਬੱਚਿਆਂ ਦੇ ਹੰਢਾਏ ਸੰਤਾਪ ਦੀ ਵਿੱਥਿਆ ਸੁਣ ਕੇ ਵਧਾਈਆਂ ਦੇਣ ਵਾਲੀ ਗੁਆਂਢਣ ਦੇ ਚਿਹਰੇ 'ਤੇ ਪਸਰੀ ਖੁਸ਼ੀ ਪਲਾਂ 'ਚ ਹੀ ਖੰਭ ਲਾ ਕੇ ਉਡ ਗਈ।

# ਦਿੱਲੀ ਦਾ ਖ਼ੂਨੀ ਦਰਵਾਜ਼ਾ

-ਸਹਿਦੇਵ ਕਲੇਰ

ਦਿੱਲੀ ਵਿੱਚ ਵੇਖਣ ਯੋਗ ਥਾਂਵਾਂ ਦੀ ਕੋਈ ਕਮੀ ਨਹੀਂ। ਦਿੱਲੀ ਦੇ ਸ਼ਾਹੀ ਮਹੱਲਾਂ, ਕਿਲ੍ਹਿਆਂ, ਮਸਜਿਦਾਂ, ਮੀਨਾਰਾਂ, ਮੰਦਰਾਂ, ਗਿਰਜਾਘਰਾਂ, ਗੁਰਦੁਆਰਿਆਂ ਅਤੇ ਮਕਬਰਿਆਂ ਆਦਿ ਦਾ ਕੋਈ ਨਾ ਕੋਈ ਪਿਛੋਕੜ ਅਤੇ ਇਤਿਹਾਸ ਤਾਂ ਹੈ ਹੀ। ਇਥੋਂ ਦੇ ਚੌਕਾਂ-ਚੁਰਾਹਿਆਂ, ਗਲੀਆਂ-ਮੁਹੱਲਿਆਂ, ਹਵੇਲੀਆਂ, ਬਾਗ ਬਗੀਚਿਆਂ ਅਤੇ ਕੰਧਾਂ ਦਰਵਾਜ਼ਿਆਂ ਦਾ ਵੀ ਕੋਈ ਨਾ ਕੋਈ ਇਤਿਹਾਸ ਹੈ। ਦਿੱਲੀ ਦਾ ਖ਼ੂਨੀ ਦਰਵਾਜ਼ਾ ਵੀ ਖ਼ੂਨ ਦੇ ਰੰਗ ਵਿੱਚ ਰੰਗਿਆ ਅਜਿਹਾ ਇਤਿਹਾਸ ਆਪਣੇ ਆਪ ਵਿੱਚ ਸਮੋਈ ਬੈਠਾ ਹੈ। ਇਹ ਖ਼ੂਨੀ ਦਰਵਾਜ਼ਾ ਦਿੱਲੀ ਦੇ ਪ੍ਰਸਿੱਧ ਬਹਾਦਰ ਸ਼ਾਹ ਜ਼ਫਰ ਮਾਰਗ 'ਤੇ ਫਿਰੋਜ਼ ਸ਼ਾਹ ਕੋਟਲਾ ਕ੍ਰਿਕਟ ਮੈਦਾਨ ਦੇ ਨੇੜੇ ਹੈ। ਇਸ ਖ਼ੂਨੀ ਦਰਵਾਜ਼ੇ ਦੇ ਨਾਲ ਹੀ ਮੌਲਾਨਾ ਆਜ਼ਾਦ ਮੈਡੀਕਲ ਕਾਲਜ ਹੈ।

ਅਸਲ ਵਿੱਚ ਦਿੱਲੀ ਨੂੰ ਦੇਖਣ ਦੀ ਖਾਹਿਸ਼ ਵਾਲੇ ਸੈਲਾਨੀਆਂ ਦੀ ਸੂਚੀ ਵਿੱਚ ਮੁੱਖ ਤੌਰ ਉੱਤੇ ਲਾਲ ਕਿਲ੍ਹਾ, ਕੁਤੁਬ ਮੀਨਾਰ, ਜਾਮਾ ਮਸਜਿਦ, ਜੰਤਰ-ਮੰਤਰ, ਇੰਡੀਆ ਗੇਟ, ਰਾਸ਼ਟਰਪਤੀ ਭਵਨ, ਪਾਰਲੀਮੈਂਟ ਭਵਨ, ਕਨਾਟ ਪਲੇਸ, ਹਮਾਯੂੰ ਦਾ ਮਕਬਰਾ, ਚਾਂਦਨੀ ਚੌਕੀ ਤੇ ਰਾਜ ਘਾਟ ਆਦਿ ਹੁੰਦੇ ਹਨ, ਪਰ ਇਤਿਹਾਸ-ਮਿਥਿਹਾਸ ਨਾਲ ਮੱਸ ਰੱਖਣ ਵਾਲੇ ਲੋਕਾਂ ਨੂੰ ਪ੍ਰਸਿੱਧ ਥਾਵਾਂ ਦੇ ਨਾਲ ਘੱਟ ਪ੍ਰਸਿੱਧੀ ਵਾਲੇ ਸਥਾਨਾਂ ਨੂੰ ਵੀ ਵੇਖਣ, ਪਰਖਣ ਦੀ ਚਾਹਤ ਹੁੰਦੀ ਹੈ।

ਇਤਿਹਾਸਕ ਹਵਾਲਿਆਂ ਅਨੁਸਾਰ ਇਹ ਖ਼ੂਨੀ ਦਰਵਾਜ਼ਾ 1540-41 ਈਸਵੀ ਵਿੱਚ ਬਾਦਸ਼ਾਹ ਸ਼ੇਰਸ਼ਾਹ ਸੂਰੀ ਨੇ ਬਣਵਾਇਆ ਸੀ। ਇਸ ਤੋਂ ਸਾਲ ਕੁ ਪਹਿਲਾਂ ਸ਼ੇਰਸ਼ਾਹ ਸ਼ੂਰੀ ਨੇ ਮੁਗਲ ਬਾਦਸ਼ਾਹ ਹਮਾਯੂੰ ਨੂੰ ਯੁੱਧ ਵਿੱਚ ਹਰਾਇਆ ਸੀ ਤੇ ਦਿੱਲੀ ਦੀ ਕਿਲ੍ਹਾਬੰਦੀ ਕਰਨ ਲਈ ਉਸ ਨੇ ਇਥੇ ਕਈ ਉਸਾਰੀਆਂ ਕੀਤੀਆਂ ਸਨ। ਸ਼ੁਰੂ ਵਿੱਚ ਇਸ ਦਰਵਾਜ਼ੇ ਦਾ ਨਾਂਅ ਕਾਬੁਲੀ ਦਰਵਾਜ਼ਾ ਸੀ। ਇਹ ਨਾਂਅ ਇਸ ਕਰ ਕੇ ਰੱਖਿਆ ਗਿਆ ਕਿ ਉਸ ਸਮੇਂ ਅਫਗਾਨਿਸਤਾਨ ਦੇ ਸ਼ਹਿਰ ਕਾਬੁਲ ਵੱਲੋਂ ਆਉਣ ਵਾਲੇ ਸੌਦਾਗਰ ਅਤੇ ਹੋਰ ਲੋਕ ਇਸ ਦਰਵਾਜ਼ੇ ਰਾਹੀਂ ਪੂਰੀ ਪੁੱਛ ਪੜਤਾਲ ਕਰਨ ਮਗਰੋਂ ਦਿੱਲੀ ਵਿੱਚ ਦਾਖਲ ਹੋ ਸਕਦੇ ਸਨ। ਇਹ ਦਰਵਾਜ਼ਾ ਲਾਲ ਦਰਵਾਜ਼ਾ ਕਰ ਕੇ ਵੀ ਜਾਣਿਆ ਜਾਂਦਾ ਰਿਹਾ, ਕਿਉਂਕਿ ਇਹ ਲਾਲ ਪੱਥਰਾਂ ਦਾ ਬਣਿਆ ਹੋਇਆ ਹੈ। ਇਸ ਦਰਵਾਜ਼ੇ ਦੀ ਦੇਖਭਾਲ ਤੇ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਭਾਰਤੀ ਪੁਰਾਤੱਤਵ ਵਿਭਾਗ ਕੋਲ ਹੈ। ਇਸ ਨੇ ਖ਼ੂਨੀ ਦਰਵਾਜ਼ੇ ਨੂੰ ਸੁਰੱਖਿਅਤ ਐਲਾਨ ਕੀਤਾ ਹੋਇਆ ਹੈ। ਦਰਵਾਜ਼ੇ ਦੇ ਖੱਬੇ ਹੱਥ ਇੱਕ ਸੂਚਨਾ ਬੋਰਡ ਨਜ਼ਰ ਆਉਂਦਾ ਹੈ। ਇਸ ਸੂਚਨਾ ਬੋਰਡ ਉਤੇ ਲਿਖੀ ਇਬਾਰਤ ਹਿੰਦੀ ਵਿੱਚ ਹੈ ਅਤੇ ਇਸ ਇਬਾਰਤ ਦਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ :

'ਖ਼ੂਨੀ ਦਰਵਾਜ਼ਾ'

ਅੰਗਰੇਜ਼ਾਂ ਦੀ ਫੌਜ ਦੇ ਕੈਪਟਨ ਹਡਸਨ ਨੇ ਮਿਰਜ਼ਾ ਮੁਗਲ, ਖਿਜ਼ਰ ਸੁਲਤਾਨ ਅਤੇ ਮਿਰਜ਼ਾ ਅਬੂ ਬਕਰ, ਤਿੰਨ ਰਾਜਕੁਮਾਰਾਂ ਨੂੰ ਹਮਾਯੂੰ ਦੇ ਮਕਬਰੇ ਵਿੱਚੋਂ ਦਿਨ 22 ਸਤੰਬਰ 1857 ਨੂੰ ਹਿਰਾਸਤ ਵਿੱਚ ਲਿਆ ਅਤੇ ਇੱਕ ਬੈਲ ਗੱਡੀ ਵਿਚ ਦਿੱਲੀ ਭੇਜ ਦਿੱਤਾ। ਕੈਪਟਨ ਹਡਸਨ ਉਨ੍ਹਾਂ ਦੇ ਪਿੱਛੋਂ ਆਇਆ ਅਤੇ ਇਸ ਥਾਂ ਉਨ੍ਹਾਂ ਨੂੰ ਮਿਲਿਆ। ਚਾਰੇ ਪਾਸੇ ਬਹੁਤ ਭੀੜ ਸੀ। ਇਸ ਡਰ ਨਾਲ ਕਿ ਭੀੜ ਕਿਤੇ ਰਾਜਕੁਮਾਰਾਂ ਨੂੰ ਛੁਡਾ ਨਾ ਲਵੇ, ਕੈਪਟਨ ਹਡਸਨ ਨੇ ਉਨ੍ਹਾਂ ਦੇ ਉਪਰਲੇ ਕੱਪੜੇ ਲੁਹਾ ਲਏ ਅਤੇ ਤਿੰਨਾਂ ਨੂੰ ਗੋਲੀ ਮਾਰ ਦਿੱਤੀ ਗਈ। ਇਸ ਇਬਾਰਤ ਦਾ ਕੇਂਦਰੀ ਧੁਰਾ 22 ਸਤੰਬਰ 1857 ਦਾ ਦਿਨ ਹੈ। ਭਾਰਤੀ ਇਤਿਹਾਸ ਵਿੱਚ 1857 ਦਾ ਸਾਲ, ਗਦਰ ਦੇ ਸਾਲ ਅਤੇ ਆਜ਼ਾਦੀ ਦੀ ਪਹਿਲੀ ਲੜਾਈ ਵਜੋਂ ਜਾਣਿਆ ਜਾਂਦਾ ਹੈ। 1857 ਦੇ ਗਦਰ ਨਾਲ ਸੰਬੰਧਤ ਕਈ ਕਿਤਾਬਾਂ ਲਿਖੀਆਂ ਗਈਆਂ। ਇਨ੍ਹਾਂ ਸਭ ਕਿਤਾਬਾਂ ਵਿੱਚ ਉਕਤ ਇਬਾਰਤ ਨਾਲ ਮਿਲਦੀਆਂ ਘਟਨਾਵਾਂ ਦਾ ਜ਼ਿਕਰ ਹੈ। ਪ੍ਰਸਿੱਧ ਇਤਿਹਾਸਕਾਰ ਵਿਲੀਅਮ ਡੈਲਰਿੰਪਲ ਦੀ ਪੁਸਤਕ 'ਦਿ ਲਾਸਟ ਮੁਗਲ', ਪ੍ਰਭਾ ਚੋਪੜਾ ਦੀ ਪੁਸਤਕ 'ਦਿੱਲੀ ਇਨ 1857' ਆਦਿ ਵਿੱਚ ਖ਼ੂਨੀ ਦਰਵਾਜ਼ੇ ਦੀ ਇਸ ਘਟਨਾ ਦਾ ਜ਼ਿਕਰ ਹੈ। ਕੈਪਟਨ ਹਡਸਨ ਦੀ ਕੋਈ ਜਾਣਕਾਰੀ ਸਾਂਝੀ ਕਰਨ ਤੋਂ ਪਹਿਲਾਂ ਖ਼ੂਨੀ ਦਰਵਾਜ਼ੇ ਅੱਗੇ ਕਤਲ ਕੀਤੇ ਤਿੰਨ ਮੁਗਲ ਸ਼ਹਿਜ਼ਾਦਿਆਂ ਬਾਰੇ ਜਾਣਕਾਰੀ ਸਾਂਝੀ ਕਰਨੀ ਬਣਦੀ ਹੈ। ਕਤਲ ਕੀਤਾ ਗਿਆ ਪਹਿਲਾ ਸ਼ਹਿਜ਼ਾਦਾ ਮਿਰਜ਼ਾ ਮੁਗਲ ਸੀ। ਇਹ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦਾ ਪੰਜਵਾਂ ਪੁੱਤਰ ਸੀ। 1857 ਤੱਕ ਜ਼ਫਰ ਦੇ ਪਹਿਲੇ ਚਾਰ ਪੁੱਤਰ ਮਰ ਚੁੱਕੇ ਸਨ। ਗਦਰ ਸਮੇਂ ਮਿਰਜ਼ਾ ਮੁਗਲ ਨੂੰ ਗਦਰ ਵਿੱਚ ਸ਼ਾਮਲ ਸਮੂਹ ਵਿਦਰੋਹੀ ਸੈਨਿਕਾਂ ਦਾ 'ਕਮਾਂਡਰ ਇਨ ਚੀਫ' ਐਲਾਨ ਦਿੱਤਾ ਗਿਆ ਸੀ, ਪਰ ਮਿਰਜ਼ਾ ਮੁਗਲ ਨੇ ਇਸ ਤੋਂ ਪਹਿਲਾਂ ਕਦੇ ਵੀ ਕਿਸੇ ਲੜਾਈ ਵਿੱਚ ਹਿੱਸਾ ਨਹੀਂ ਸੀ ਲਿਆ। ਇਸ ਲਈ ਗਦਰ ਸਮੇਂ ਅੰਗਰੇਜ਼ਾਂ ਨਾਲ ਹੋਈ ਪਹਿਲੀ ਲੜਾਈ ਵਿੱਚ ਮੈਦਾਨ ਛੱਡ ਕੇ ਭਗੌੜਾ ਹੋ ਕੇ ਸ਼ਾਹੀ ਮਹੱਲਾਂ ਵਿੱਚ ਲੁਕ ਗਿਆ। ਕਤਲ ਕੀਤਾ ਗਿਆ ਦੂਜਾ ਮੁਗਲ ਰਾਜਕੁਮਾਰ ਖਿਜ਼ਰ ਸੁਲਤਾਨ, ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦਾ ਨੌਵਾਂ ਪੁੱਤਰ ਸੀ। ਕਤਲ ਕੀਤੇ ਜਾਣ ਸਮੇਂ ਉਸ ਦੀ ਉਮਰ ਸਿਰਫ 23 ਸਾਲ ਸੀ। ਇਸ ਖ਼ੂਨੀ ਦਰਵਾਜ਼ੇ 'ਤੇ ਕਤਲ ਕੀਤੇ ਤੀਜੇ ਮੁਗਲ ਸ਼ਹਿਜ਼ਾਦੇ ਦਾ ਨਾਂਅ ਅਬੂ ਬਕਰ ਸੀ ਅਤੇ ਇਹ ਬਾਦਸ਼ਾਹ ਦਾ ਪੋਤਰਾ ਸੀ।

ਦਸ ਮਈ 1857 ਨੂੰ ਮੇਰਠ ਛਾਉਣੀ ਤੋਂ ਸ਼ੁਰੂ ਹੋਇਆ ਗਦਰ ਸਵਾ ਦੋ ਸਾਲ ਮਗਰੋਂ ਅੱਠ ਜੁਲਾਈ 1859 ਨੂੰ ਹੀ ਭਾਵੇਂ ਪੂਰੀ ਤਰ੍ਹਾਂ ਨਾਲ ਖਤਮ ਹੋਇਆ, ਪਰ ਦਿੱਲੀ ਉਪਰ ਅੰਗਰੇਜ਼ਾਂ ਨੇ ਸਿਰਫ ਸਾਢੇ ਕੁ ਚਾਰ ਮਹੀਨਿਆਂ ਮਗਰੋਂ ਹੀ 21 ਸਤੰਬਰ 1857 ਤੱਕ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ। ਇਤਿਹਾਸਕ ਹਵਾਲੇ ਅਨੁਸਾਰ ਹਾਰਨ ਪਿੱਛੋਂ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਤੇ ਉਸ ਦਾ ਪਰਵਾਰ ਕਿਲ੍ਹੇ ਵਾਲੀ ਆਪਣੀ ਰਿਹਾਇਸ਼ ਛੱਡ ਕੇ ਹਮਾਯੂੰ ਦੇ ਮਕਬਰੇ ਵਿੱਚ ਜਾ ਕੇ ਛੁਪ ਗਿਆ। ਇਸ ਦੀ ਜਾਣਕਾਰੀ ਅੰਗਰੇਜ਼ਾਂ ਨੂੰ ਮੁਗਲ ਦਰਬਾਰ ਦੇ ਆਪਣੇ ਸੂਹੀਆ (ਮੁਨਸ਼ੀ ਜੀਵਨ ਲਾਲ ਵਗੈਰਾ) ਰਾਹੀਂ ਪਹਿਲਾਂ ਹੀ ਪਹੁੰਚ ਚੁੱਕੀ ਸੀ। ਬਾਦਸ਼ਾਹ ਤੇ ਉਸ ਦੇ ਪਰਵਾਰਕ ਮੈਂਬਰਾਂ ਨੂੰ ਕਾਬੂ ਕਰਨ ਦੀ ਜ਼ਿੰਮੇਵਾਰੀ ਸਮੇਂ ਦੀ ਅੰਗਰੇਜ਼ ਹਕੂਮਤ ਨੇ ਕੈਪਟਨ ਹਡਸਨ ਨੂੰ ਸੌਂਪੀ। ਹਡਸਨ ਨੂੰ ਪਤਾ ਸੀ ਕਿ ਸ਼ਾਹੀ ਪਰਵਾਰ ਇਸ ਸਮੇਂ ਹਮਾਯੂੰ ਦੇ ਮਕਬਰੇ ਵਿੱਚ ਲੁਕਿਆ ਹੈ। ਘੋੜ ਸਵਾਰਾਂ ਦਾ ਇੱਕ ਹਥਿਆਰਬੰਦ ਦਸਤਾ ਲੈ ਕੇ ਉਹ ਸਿੱਧਾ ਹਮਾਯੂ ਦੇ ਮਕਬਰੇ ਵੱਲ ਤੁਰ ਪਿਆ। ਮਕਬਰੇ ਤੋਂ ਥੋੜ੍ਹਾ ਪਿੱਛੇ ਖਲੋ ਕੇ ਉਸ ਨੇ ਬਾਦਸ਼ਾਹ ਨੂੰ ਸੁਨੇਹਾ ਭੇਜਿਆ ਕਿ ਉਹ ਆਪਣੇ ਆਪ ਨੂੰ ਸਮੇਤ ਸ਼ਾਹੀ ਪਰਵਾਰ ਉਸ ਦੇ ਹਵਾਲੇ ਕਰ ਦੇਵੇ, ਨਹੀਂ ਤਾਂ ਬੁਰੇ ਨਤੀਜੇ ਭੁਗਤਣ ਨੂੰ ਤਿਆਰ ਰਹੇ। ਬਾਦਸ਼ਾਹ ਜਾਣਦਾ ਸੀ ਕਿ ਬਾਜ਼ੀ ਹਾਰੀ ਜਾ ਚੁੱਕੀ ਹੈ। ਇਸ ਲਈ ਉਸ ਨੇ ਹੀਲ-ਹੁੱਜਤ ਬਿਨਾਂ ਆਪਣੀਆਂ ਦੋ ਸ਼ਾਹੀ ਤਲਵਾਰਾਂ ਲਾਹ ਕੇ ਕੈਪਟਨ ਹਡਸਨ ਦੇ ਹਵਾਲੇ ਕਰ ਦਿੱਤੀਆਂ। ਹਡਸਨ ਨੇ ਬਾਦਸ਼ਾਹ ਨੂੰ ਆਪਣੇ ਨਾਲ ਬਿਠਾ ਕੇ ਬਾਕੀ ਪਰਵਾਰ ਨੂੰ ਬੈਲ ਗੱਡੀਆਂ ਵਿੱਚ ਦਿੱਲੀ ਨੂੰ ਤੋਰ ਦਿੱਤਾ। ਜਦੋਂ ਇਹ ਕਾਫਲਾ ਇਸ ਖ਼ੂਨੀ ਦਰਵਾਜ਼ੇ ਨੇੜੇ ਗਿਆ ਤਾਂ ਵੇਖਣ ਲਈ ਹਜ਼ਾਰਾਂ ਲੋਕ ਆ ਗਏ। ਇਸੇ ਸਮੇਂ ਜਿੱਤ ਦੇ ਹੰਕਾਰੇ ਹਡਸਨ ਨੇ ਤਿੰਨਾਂ ਮੁਗਲ ਸ਼ਹਿਜ਼ਾਦਿਆਂ ਦੇ ਉਪਰਲੇ ਵਸਤਰ ਲੁਹਾ ਲਏ ਅਤੇ ਤਿੰਨਾਂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।


ਇੰਗਲੈਂਡ ਵਿੱਚ 1821 ਵਿੱਚ ਪੈਦਾ ਹੋਇਆ ਕੈਪਟਨ ਹਡਸਨ ਨਾਂਅ ਦਾ ਇਹ ਅੰਗਰੇਜ਼ ਪਹਿਲੀ ਵਾਰ 1848 ਵਿੱਚ ਭਾਰਤ ਆਇਆ ਤੇ ਕਿਸੇ ਦੀ ਸਿਫਾਰਸ਼ 'ਤੇ ਦੂਜੀ ਬੰਗਾਲ ਗਰੇਨੇਡੀਅਰਜ਼ ਵਿੱਚ ਭਰਤੀ ਹੋ ਗਿਆ। ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਵਿੱਚ ਇਸ ਨੇ ਹਿੱਸਾ ਲਿਆ ਤੇ ਜ਼ਖਮੀ ਵੀ ਹੋਇਆ ਸੀ। ਸਾਲ 1849 ਵਿੱਚ ਇਹ ਕੁਝ ਸਮਾਂ ਅੰਮ੍ਰਿਤਸਰ ਦਾ ਅਸਿਸਟੈਂਟ ਕਮਿਸ਼ਨਰ ਵੀ ਰਿਹਾ। 1857 ਦੇ ਗਦਰ ਸਮੇਂ ਇਹ ਹਾਸ਼ੀਏ 'ਤੇ ਸੀ, ਪਰ ਜਦੋਂ ਦਿੱਲੀ ਵਿੱਚ ਗਦਰੀ ਸਿਪਾਹੀਆਂ ਨੇ ਅੰਗਰੇਜ਼ ਅਧਿਕਾਰੀਆਂ ਨੂੰ ਵੱਡੀ ਗਿਣਤੀ ਵਿੱਚ ਮਾਰ ਦਿੱਤਾ ਇਸ ਦੀ ਪੁੱਛ ਵਧ ਗਈ। ਇਸ ਨੂੰ ਸੂਹੀਆ ਵਿਭਾਗ ਦਾ ਕੰਮ ਸੌਂਪਿਆ ਗਿਆ। ਹਡਸਨ ਨੇ ਬੇਹੱਦ ਫੁਰਤੀ ਨਾਲ ਮੁਗਲ ਦਰਬਾਰ ਦੇ ਆਪਣੇ ਸੂਹੀਆਂ ਨਾਲ ਸੰਪਰਕ ਕਰ ਕੇ ਸ਼ਾਹੀ ਦਰਬਾਰ ਦੀਆਂ ਸਾਰੀਆਂ ਗੱਲਾਂ ਦੀ ਜਾਣਕਾਰੀ ਹਾਸਲ ਕਰ ਲਈ। ਇਸ ਦੇ ਆਧਾਰ 'ਤੇ ਉਸ ਨੇ 22 ਸਤੰਬਰ 1857 ਨੂੰ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਸਮੇਤ ਸ਼ਾਹੀ ਪਰਵਾਰ ਦੇ 16 ਜੀਆਂ ਨੂੰ ਕਾਬੂ ਕਰ ਲਿਆ ਅਤੇ ਤਿੰਨ ਬੇਦੋਸ਼ੇ ਮੁਗਲ ਸ਼ਹਿਜ਼ਾਦਿਆਂ ਨੂੰ ਖ਼ੂਨੀ ਦਰਵਾਜ਼ੇ ਨੇੜੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਹਡਸਨ ਨੇ ਇਸ ਖ਼ੂਨੀ ਕਾਰੇ ਦਾ ਇੰਗਲੈਂਡ ਸਮੇਤ ਪੂਰੀ ਦੁਨੀਆ ਵਿੱਚ ਵੱਡਾ ਵਿਰੋਧ ਹੋਇਆ ਤੇ ਇਨਸਾਫ ਪਸੰਦ ਲੋਕਾਂ ਨੇ ਇਸ ਨੂੰ ਬੁਰੀ ਤਰ੍ਹਾਂ ਭੰਡਿਆ। ਇਸ ਘਟਨਾ ਤੋਂ ਕੁਝ ਮਹੀਨੇ ਮਗਰੋਂ ਹੀ ਕੈਪਟਨ ਹਡਸਨ ਨੂੰ ਲਖਨਊ ਵਿੱਚ ਇੱਕ ਗਦਰੀ ਸਿਪਾਹੀ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਹਡਸਨ ਦੀ ਕਬਰ ਅੱਜ ਵੀ ਲਖਨਊ ਵਿਖੇ ਮੌਜੂਦ ਹੈ। 1947 ਦੀ ਦੇਸ਼ ਵੰਡ ਵੇਲੇ ਵੀ ਖ਼ੂਨੀ ਦਰਵਾਜ਼ੇ ਨੇੜੇ ਅਨੇਕਾਂ ਬੇਦੋਸ਼ੇ ਇਨਸਾਨਾਂ ਦਾ ਖ਼ੂਨ ਡੁੱਲ੍ਹਿਆ ਸੀ। ਇਸ ਸਮੇਂ ਫਿਰਕੂ ਦੰਗਿਆਂ ਤੇ ਪੰਜਾਬ ਵੰਡ ਦੇ ਸੰਤਾਪੇ ਹਜ਼ਾਰਾਂ ਲੋਕਾਂ ਨੇ ਦਿੱਲੀ ਵੱਲ ਵਹੀਰਾਂ ਘੱਤੀਆਂ ਹੋਈਆਂ ਸਨ। ਇਨ੍ਹਾਂ ਦੀ ਸਾਂਭ ਸੰਭਾਲ ਲਈ ਰਾਜਕੁਮਾਰੀ ਅੰਮ੍ਰਿਤ ਕੌਰ ਦੀ ਅਗਵਾਈ ਹੇਠ ਪੁਰਾਣੇ ਕਿਲ੍ਹੇ ਵਿੱਚ ਕੈਂਪ ਖੋਲ੍ਹਿਆ ਗਿਆ ਸੀ। ਇਸ ਸਮੇਂ ਚੱਲ ਰਹੀ ਖ਼ੂਨੀ ਹਨੇਰੀ ਦੇ ਅਸਰ ਹੇਠ ਕੁਝ ਸਿਰਫਿਰੇ ਲੋਕਾਂ ਨੇ ਇਸ ਥਾਂ ਬੱਚਿਆਂ, ਬੁੱਢਿਆਂ ਅਤੇ ਔਰਤਾਂ ਸਮੇਤ ਕਈ ਲੋਕਾਂ ਦਾ ਖ਼ੂਨ ਵਹਾਇਆ ਸੀ। ਇਸ ਖ਼ੂਨੀ ਦਰਵਾਜ਼ੇ ਦੀ ਸਾਲ 2002 ਵਿੱਚ ਉਸ ਸਮੇਂ ਵੀ ਬਹੁਤ ਚਰਚਾ ਹੋਈ ਸੀ ਜਦੋਂ ਇਸ ਦੀ ਉਪਰਲੀ ਮੰਜ਼ਿਲ 'ਤੇ ਮੌਲਾਨਾ ਆਜ਼ਾਦ ਮੈਡੀਕਲ ਕਾਲਜ ਦੀ ਵਿਦਿਆਰਥਣ ਨਾਲ ਬਲਾਤਕਾਰ ਕੀਤਾ ਗਿਆ ਸੀ।

ਇਰਾਨ ਦੇ ਧਾੜਵੀ ਨਾਦਰ ਸ਼ਾਹ ਨੇ ਵੀ ਇਸ ਖ਼ੂਨੀ ਦਰਵਾਜ਼ੇ ਦੇ ਇਰਦ ਗਿਰਦ ਵਾਲੀ ਥਾਂ ਨੂੰ 22 ਮਾਰਚ 1739 ਦੇ ਦਿਨ ਦਿੱਲੀ ਦੇ ਬੇਦੋਸ਼ੇ ਸ਼ਹਿਰੀਆਂ ਦੇ ਖ਼ੂਨ ਨਾਲ ਲੱਥਪਥ ਕੀਤਾ ਸੀ। ਇਸ ਦਿਨ ਉਸ ਨੇ ਦਿੱਲੀ ਵਿੱਚ ਕਤਲੇਆਮ ਦਾ ਨਾਦਰਸ਼ਾਹੀ ਹੁਕਮ ਜਾਰੀ ਕੀਤਾ ਸੀ। ਕਿਹਾ ਜਾਂਦਾ ਹੈ ਕਿ ਇਸ ਦਿਨ ਤੀਹ ਹਜ਼ਾਰ ਦੇ ਲਗਭਗ ਦਿੱਲੀ ਵਾਸੀਆਂ ਨੂੰ ਕਤਲ ਕਰ ਦਿੱਤਾ ਗਿਆ ਸੀ।

ਛੇਵੇਂ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਸੰਬੰਧ ਵੀ ਖ਼ੂਨੀ ਦਰਵਾਜ਼ੇ ਨਾਲ ਜੋੜਿਆ ਜਾਂਦਾ ਹੈ। ਸਤੰਬਰ 1657 ਵਿੱਚ ਬਾਦਸ਼ਾਹ ਸ਼ਾਹ ਜਹਾਨ ਜਦੋਂ ਸਖਤ ਬਿਮਾਰ ਹੋ ਗਿਆ ਤਾਂ ਉਸ ਦੇ ਦੋ ਪੁੱਤਰਾਂ ਔਰੰਗਜ਼ੇਬ ਅਤੇ ਦਾਰਾ ਸ਼ਿਕੋਹ ਦਰਮਿਆਨ ਤਖਤ 'ਤੇ ਕਬਜ਼ੇ ਲਈ ਲੜਾਈ ਛਿੜ ਪਈ। ਦੋ ਸਾਲਾਂ ਤੱਕ ਚੱਲੀ ਲੜਾਈ ਵਿੱਚ ਅਖੀਰ ਔਰੰਗਜ਼ੇਬ ਦੀ ਜਿੱਤ ਹੋਈ ਅਤੇ 10 ਜੂਨ 1659 ਨੂੰ ਦਾਰਾ ਸ਼ਿਕੋਹ ਨੂੰ ਕਾਬੂ ਕਰ ਲਿਆ। ਔਰੰਗਜ਼ੇਬ ਨੇ ਉਸ ਨੂੰ ਬੇੜੀਆਂ ਤੇ ਹੱਥਕੜੀਆਂ ਵਿੱਚ ਜਕੜ ਕੇ ਕਈ ਦਿਨ ਦਿੱਲੀਆਂ ਦੀਆਂ ਗਲੀਆਂ ਵਿੱਚ ਘੁਮਾ ਕੇ ਜ਼ਲੀਲ ਕੀਤਾ ਅਤੇ ਫਿਰ ਤੀਹ ਅਗਸਤ 1659 ਨੂੰ ਖ਼ੂਨੀ ਦਰਵਾਜ਼ੇ ਨੇੜੇ ਬੇਦਰਦੀ ਨਾਲ ਕਤਲ ਕਰਵਾ ਦਿੱਤਾ।

ਬਾਦਸ਼ਾਹ ਜਹਾਂਗੀਰ ਬਾਰੇ ਕਿਹਾ ਜਾਂਦਾ ਹੈ ਕਿ ਇਸ ਥਾਂ ਉਸ ਨੇ ਆਪਣੇ ਬਾਪ ਬਾਦਸ਼ਾਹ ਅਕਬਰ ਦੇ ਖਾਸ ਮੰਤਰੀ ਤੇ ਮਿੱਤਰ ਅਬਦੁਲ ਰਹੀਮ ਖਾਨ-ਏ-ਖਾਨਾ ਦੇ ਦੋ ਨਾਬਾਲਗ ਬੱਚਿਆਂ ਨੂੰ ਕਤਲ ਕਰਵਾ ਦਿੱਤਾ ਸੀ। ਤੀਹ ਨਵੰਬਰ 1605 ਨੂੰ ਬਾਦਸ਼ਾਹ ਅਕਬਰ ਦੀ ਮੌਤ ਹੋ ਗਈ ਅਤੇ ਇਸ ਦੇ ਨਾਲ ਤਖਤ ਦੇ ਵਾਰਸ ਬਣਨ ਲਈ ਜਹਾਂਗੀਰ ਅਤੇ ਉਸ ਦੇ ਭਰਾ ਖੁਸਰੋ ਵਿੱਚ ਲੜਾਈ ਛਿੜ ਪਈ। ਦੋਵਾਂ ਭਰਾਵਾਂ ਦੀ ਲੜਾਈ ਵਿੱਚ ਅਬਦੁਲ ਰਹੀਮ ਖਾਨ-ਏ-ਖਾਨਾ ਨੇ ਨਾ ਸਿਰਫ ਆਪ ਖੁਸਰੋ ਦੀ ਸਹਾਇਤਾ ਕੀਤੀ, ਸਗੋਂ ਉਸ ਸਮੇਂ ਦੇ ਦੋ ਸ਼ਕਤੀਸ਼ਾਲੀ ਰਾਜਾ ਮਾਨ ਸਿੰਘ ਅਤੇ ਮਿਰਜ਼ਾ ਅਜ਼ੀਜ਼ ਨੂੰ ਸ਼ਹਿਜ਼ਾਦਾ ਖੁਸਰੋ ਦੀ ਸਹਾਇਤਾ ਕਰਨ ਲਈ ਨਾਲ ਤੋਰ ਲਿਆ। ਖੁਸਰੋ ਦੀ ਹਾਰ ਪਿੱਛੋਂ ਉਸ ਦੇ ਸਹਿਯੋਗੀ ਬਾਕੀ ਰਾਜ ਦਰਬਾਰੀਆਂ ਨਾਲ ਕੂਟਨੀਤੀ ਵਰਤਦਿਆਂ ਜਹਾਂਗੀਰ ਨੇ ਸੁਲਾਹ ਵਾਲੀ ਨੀਤੀ ਵਰਤੀ, ਪਰ ਅਬਦੁਲ ਰਹੀਮ ਖਾਨ-ਏ-ਖਾਨਾ ਨੂੰ ਸਬਕ ਸਿਖਾਉਣ ਲਈ ਉਸ ਦੇ ਦੋ ਨਾਬਾਲਗ ਬੱਚਿਆਂ ਦਾ ਕਤਲ ਕਰਵਾ ਦਿੱਤਾ। ਉਨ੍ਹਾ ਨੂੰ ਹਕੂਮਤ ਦੇ ਬਾਗੀ ਐਲਾਨ ਕੇ ਕਤਲ ਕੀਤਾ ਗਿਆ ਸੀ। ਇਸ ਲਈ ਉਨ੍ਹਾਂ ਦੀਆਂ ਲਾਸ਼ਾਂ ਵੀ ਕਿਸੇ ਨੂੰ ਚੁੱਕਣ ਨਾ ਦਿੱਤੀਆਂ ਅਤੇ ਇਹ ਲਾਸ਼ਾਂ ਇਥੇ ਪਈਆਂ ਕਈ ਦਿਨਾਂ ਤੱਕ ਕਾਵਾਂ-ਕੁੱਤਿਆਂ ਦਾ ਖਾਜਾ ਬਣਦੀਆਂ ਰਹੀਆਂ।

ਖ਼ੂਨੀ ਦਰਵਾਜ਼ੇ ਬਾਰੇ ਜਾਣਕਾਰੀ ਇਕੱਠੀ ਕਰਨ ਵਾਲੇ ਕਈ ਖੋਜੀਆਂ ਮੁਤਾਬਕ ਇਸ ਨੂੰ ਕਾਬੁਲੀ ਦਰਵਾਜ਼ੇ ਦੇ ਰੂਪ ਵਿੱਚ ਬਣਵਾਉਣ ਵਾਲੇ ਸੁਲਤਾਨ ਸ਼ੇਰਸ਼ਾਹ ਸੂਰੀ ਦੇ ਸਮੇਂ ਤੋਂ ਹੀ ਇਸ ਦਾ ਨਾਂਅ ਖ਼ੂਨੀ ਦਰਵਾਜ਼ਾ ਪੈਣਾ ਸ਼ੁਰੂ ਹੋ ਗਿਆ ਸੀ। ਸ਼ੇਰਸ਼ਾਹ ਸੂਰੀ ਦਾ ਰਾਜ ਭਾਵੇਂ ਹੱਕ ਇਨਸਾਫ ਅਤੇ ਲੋਕ ਭਲਾਈ ਦਾ ਰਾਜ ਕਰ ਕੇ ਜਾਣਿਆ ਜਾਂਦਾ ਹੈ, ਪਰ ਰਾਜ ਦੇ ਵਿਰੋਧੀ ਅਤੇ ਬਾਗੀ ਉਸ ਸਮੇਂ ਵੀ ਸਨ। ਕੋਈ ਠੋਸ ਇਤਿਹਾਸਕ ਗਵਾਹੀ ਭਾਵੇਂ ਨਹੀਂ ਮਿਲਦੀ, ਪਰ ਕਿਹਾ ਜਾਂਦਾ ਹੈ ਕਿ ਸ਼ੇਰਸ਼ਾਹ ਸੂਰੀ ਦੇ ਸਮੇਂ ਵੀ ਇਸ ਖ਼ੂਨੀ ਦਰਵਾਜ਼ੇ 'ਤੇ ਰਾਜ ਦੇ ਬਾਗੀਆਂ ਅਤੇ ਵਿਰੋਧੀਆਂ ਨੂੰ ਮਾਰਿਆ ਜਾਂਦਾ ਸੀ। ਉਸ ਸਮੇਂ ਹੀ ਲੋਕਾਂ ਵਿੱਚ ਇਸ ਦਰਵਾਜ਼ੇ ਦਾ ਨਾਂਅ ਖ਼ੂਨੀ ਦਰਵਾਜ਼ਾ ਪੈ ਗਿਆ ਸੀ। ਤਖਤਾਂ-ਤਾਜਾਂ ਦੀ ਖੇਡ ਵਿੱਚ ਮਨੁੱਖੀ ਖ਼ੂਨ ਤਾਂ ਡੁੱਲ੍ਹਦਾ ਹੀ ਹੈ ਤੇ ਦਿੱਲੀ ਕਈ ਸਦੀਆਂ ਤੱਕ ਤਖਤਾਂ-ਤਾਜਾਂ ਦੀ ਪਸੰਦੀਦਾ ਥਾਂ ਰਹੀ ਹੈ। ਇਸ ਲਈ ਇਸ ਮਹਾਨਗਰ ਦੀ ਸ਼ਾਇਦ ਹੀ ਕੋਈ ਥਾਂ ਹੋਵੇ ਜਿਸ ਥਾਂ ਨਾਲ ਇਸ ਖ਼ੂਨੀ ਦਰਵਾਜ਼ੇ ਵਰਗੀ ਕਹਾਣੀ ਨਾ ਜੁੜੀ ਹੋਵੇ।



ਗੁਰਦੁਆਰਾ ਕਾਲੀ ਦੇਵੀ, ਬੇਰੂਨ ਤੋਪਾ ਵਾਲਾ ਚੌਕ, ਡੀ ਆਈ ਖਾਨ

ਇਹ ਅਸਥਾਨ ਤੋਪਾਂ ਵਾਲੇ ਚੌਕ ਤੋਂ ਬਾਹਰ ਮੇਨ ਰੋਡ ਉੱਤੇ ਹੀ ਹੈ । ਇਸ ਦੇ ਨਾਲ ਵਰਕਸ਼ਾਪਾਂ ਹਨ ਅਤੇ ਅੰਦਰ ਗਲੀ ਵਿੱਚ ਕਲਸ ਨਜ਼ਰ ਆਉਦਾ ਹੈ। ਕਿਹਾ ਜਾਂਦਾ ਹੈ ਕਿ ਜਦ ਜਗਤ ਗੁਰੂ ਸ੍ਰੀ ਗੁਰੁ ਨਾਨਕ ਦੇਵ ਜੀ ਆਪਣੀ ਚੌਥੀ ਉਦਾਸੀ ਸਮੇ ਇਸ ਸ਼ਹਿਰ ਅੰਦਰ ਆਏ ਤਾਂ ਉਸ ਵੇਲੇ ਇੱਥੇ ਕਾਲੀ ਦੇਵੀ ਦੀ ਪੂਜਾ ਹੁੰਦੀ ਸੀ। ਗੁਰੂ ਸਾਹਿਬ ਨੇ ਇਸ ਅਸਥਾਨ ਤੋਂ ਕੁਝ ਵਿੱਥ ਉੱਤੇ( ਜਿੱਥੇ ਹੁਣ ਧਰਮਸ਼ਾਲਾ ਹੈ ) ਬਿਰਾਜੇ। ਆਪ ਦੇ ਸ਼ਹਿਰ ਵਿੱਚ ਵੜਦਿਆਂ ਹੀ ਕਾਲੀ ਦੇਵੀ ਦੀ ਮੂਰਤੀ ਜ਼ਮੀਨ ਉੱਤੇ ਆਣ ਡਿੱਗੀ। ਪੁਜਾਰੀਆਂ ਚੁੱਕ ਕੇ ਖੜੀ ਕੀਤੀ ਤਾਂ ਉਹ ਫਿਰ ਡਿੱਗ ਪਈ। ਕਿਸੇ ਨੇ ਦੱਸਿਆ ਕਿ ਇੱਕ ਬਜ਼ੁਰਗ ਨੇ ਇੱਥੇ ਡੇਰੇ ਕੀਤੇ ਹਨ, ਹੋ ਸਕਦਾ ਹੈ ਕਿ ਇਹ ਸਭ ਕੁਝ ਉਹਨਾਂ ਦੇ ਆਉਣ ਕਾਰਨ ਹੋਇਆ ਹੋਵੇ । ਪੁਜਾਰੀ ਆਪ ਜੀ ਪਾਸ ਗਏ ਤਾਂ ਆਪ ਨੇ ਉਹਨਾਂ ਨੂੰ ੧ਓ ਦਾ ਮਤਲਬ ਸਮਝਾਇਆ ਅਤੇ ਉਸੇ ਦੀ ਭਗਤੀ ਕਰਨ ਲਈ ਕਿਹਾ। ਇਸ ਪਿੱਛੋਂ ਇਸ ਅਸਥਾਨ ਅੰਦਰ ਦੇਵੀ ਪੂਜਾ ਨੂੰ ਛੱਡ ਕੇ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੋਣ ਲੱਗਾ । ਹੌਲੀ ਹੌਲੀ ਪੁਜਾਰੀਆਂ ਨਾਲ ਦੇਵੀ ਦੀ ਮੂਰਤੀ ਵੀ ਰੱਖ ਲਈ। ਇਸ ਘਟਨਾ ਦੀ ਯਾਦ ਵਿੱਚ ਇਸ ਦਿਨ ਤੋਂ ਮੰਦਰ ਨੂੰ ਗੁਰਦੁਆਰਾ ਕਾਲੀ ਦੇਵੀ ਆਖਿਆ ਜਾਣ ਲੱਗਾ। ਹੁਣ ਇਸ ਅੰਦਰ ਸਕੂਲ ਹੈ।



## ਪਾਕਿਸਤਾਨ ਬੈਠੇ ਨੀਟਾ ਤੇ ਜਰਮਨੀ ਬੈਠੇ ਬੱਗਾ ਦੇ ਵਾਰੰਟ ਜਾਰੀ

ਐਸ ਏ ਐਸ ਨਗਰ, 13 ਫਰਵਰੀ (ਪੋਸਟ ਬਿਊਰੋ)- ਸਰਹੱਦ ਪਾਰ ਤੋਂ ਡਰੋਨ ਰਾਹੀਂ ਖੇਮਕਰਨ ਇਲਾਕੇ 'ਚ ਹਥਿਆਰ ਪਹੁੰਚਾਉਣ ਦੇ ਕੇਸ ਵਿੱਚ ਕੌਮੀ ਜਾਂਚ ਏਜੰਸੀ (ਐਨ ਆਈ ਏ) ਦੀ ਅਰਜ਼ੀ ਉਤੇ ਐਨ ਆਈ ਏ ਅਦਾਲਤ ਦੇ ਵਿਸ਼ੇਸ਼ ਜੱਜ ਕਰੁਨੇਸ਼ ਕੁਮਾਰ ਨੇ ਰਣਜੀਤ ਸਿੰਘ ਨੀਟਾ ਵਾਸੀ ਜੰਮੂ-ਕਸ਼ਮੀਰ, ਜਿਹੜਾ ਪਾਕਿਸਤਾਨ ਬੈਠਾ ਦੱਸਿਆ ਜਾਂਦਾ ਹੈ ਅਤੇ ਗੁਰਮੀਤ ਸਿੰਘ ਉਰਫ਼ ਬੱਗਾ ਵਾਸੀ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ, ਜਿਸ ਦੇ ਜਰਮਨੀ ਵਿੱਚ ਹੋਣ ਬਾਰੇ ਦੱਸਿਆ ਜਾਂਦਾ ਹੈ, ਦੇ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਹਨ।

ਐਨ ਆਈ ਏ ਦੀ ਜਾਂਚ ਮੁਤਾਬਕ ਪਤਾ ਲੱਗਾ ਹੈ ਕਿ 'ਖ਼ਾਲਿਸਤਾਨ ਜ਼ਿੰਦਾਬਾਦ ਫੋਰਸ' ਦੇ ਮੁਖੀ ਰਣਜੀਤ ਸਿੰਘ ਨੀਟਾ ਅਤੇ ਗੁਰਮੀਤ ਸਿੰਘ ਬੱਗਾ ਦੀ ਇਸ ਕੇਸ ਵਿੱਚ ਅਹਿਮ ਭੂਮਿਕਾ ਹੈ। ਉਕਤ ਦੋਸ਼ੀਆਂ ਦੀ ਸ਼ਮੂਲੀਅਤ ਨਾਲ ਹੀ ਪਾਕਿਸਤਾਨ ਤੋਂ ਭਾਰਤੀ ਪੰਜਾਬ 'ਚ ਗ਼ੈਰ-ਕਾਨੂੰਨੀ ਗਤੀਵਿਧੀਆਂ ਚਲਾਉਣ ਲਈ ਨਾਜਾਇਜ਼ ਹਥਿਆਰ, ਗੋਲਾ-ਬਾਰੂਦ ਤੇ ਵਿਸਫੋਟਕ ਸੰਚਾਰ ਜੰਤਰ ਭੇਜੇ ਗਏ ਸਨ। ਇਹੀ ਨਹੀਂ, ਇਹ ਲੋਕ ਪੰਜਾਬ ਦੇ ਕੁਝ ਲੋਕਾਂ ਨੂੰ ਗ਼ੈਰ-ਕਾਨੂੰਨੀ ਗਤੀਵਿਧੀਆਂ ਲਈ ਆਪਣੀ ਗ਼ੈਰ-ਕਾਨੂੰਨੀ ਫੋਰਸ 'ਚ ਭਰਤੀ ਕਰਨ 'ਚ ਕਾਮਯਾਬ ਹੋਏ ਸਨ। ਡਰੋਨ ਵਾਲੇ ਇਸ ਮਾਮਲੇ 'ਚ ਐਨ ਆਈ ਏ ਨੇ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਨਾਲ ਸਬੰਧਿਤ ਰਮਨਦੀਪ ਸਿੰਘ, ਹਰਭਜਨ ਸਿੰਘ, ਬਲਵੀਰ ਸਿੰਘ, ਆਕਾਸ਼ਦੀਪ ਸਿੰਘ, ਬਲਵੰਤ ਸਿੰਘ, ਸ਼ੁਭਦੀਪ ਸਿੰਘ, ਮਾਨ ਸਿੰਘ, ਸਾਜਨਪ੍ਰੀਤ ਸਿੰਘ, ਗੁਰਦੇਵ ਸਿੰਘ ਤੇ ਮਲਕੀਤ ਸਿੰਘ ਨੂੰ ਨਾਮਜ਼ਦ ਕਰਕੇ ਗ੍ਰਿਫ਼ਤਾਰ ਕੀਤਾ ਸੀ, ਜਿਹੜੇ ਇਸ ਸਮੇਂ ਅੰਮ੍ਰਿਤਸਰ ਜੇਲ੍ਹ 'ਚ ਬੰਦ ਹਨ। ਐਨ ਆਈ ਏ ਵੱਲੋਂ ਇਨ੍ਹਾਂ ਦੋਸ਼ੀਆਂ ਦੀ ਆਵਾਜ਼ ਦੇ ਸੈਂਪਲ ਲਏ ਗਏ ਹਨ। ਇਸ ਦੀ ਜਾਂਚ ਪਹਿਲਾਂ ਪੰਜਾਬ ਪੁਲਸ ਦੇ ਅੰਮ੍ਰਿਤਸਰ ਵਾਲੇ ਸਟੇਟ ਸਪੈਸ਼ਲ ਸੈਲ ਵੱਲੋਂ ਕੀਤੀ ਜਾ ਰਹੀ ਸੀ। ਪੁਲਸ ਨੇ ਬਲਵੀਰ ਸਿੰਘ, ਹਰਭਜਨ ਸਿੰਘ, ਬਲਵੰਤ ਸਿੰਘ ਸਮੇਤ ਚਾਰ ਵਿਅਕਤੀਆਂ ਨੂੰ ਚੋਹਲਾ ਸਾਹਿਬ ਨੇੜਿਓਂ ਹਥਿਆਰਾਂ ਸਮੇਤ ਓਦੋਂ ਗ੍ਰਿਫ਼ਤਾਰ ਕੀਤਾ ਸੀ, ਜਦੋਂ ਉਹ ਕਾਰ 'ਚ ਜਾ ਰਹੇ ਸਨ। ਉਕਤ ਚਾਰਾਂ ਮੁਲਜ਼ਮਾਂ ਦੀ ਪੁੱਛਗਿੱਛ ਤੋਂ ਪਤਾ ਲੱਗਾ ਕਿ ਉਨ੍ਹਾਂ ਕੋਲੋਂ ਜਿਹੜੇ ਹਥਿਆਰ ਮਿਲੇ ਹਨ ਉਹ ਡਰੋਨ ਰਾਹੀਂ ਪਾਕਿਸਤਾਨ ਤੋਂ ਆਏ ਸਨ। ਉਸ ਸਮੇਂ ਉਕਤ ਉਨ੍ਹਾਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ।

## ਅਜਨਾਲਾ ਪਿਓ-ਪੁੱਤ ਦੀ ਬਾਦਲ ਦਲ ਵਿੱਚ ਵਾਪਸੀ ਉੱਤੇ ਢੀਂਡਸਾ ਦਾ ਪ੍ਰਤੀਕਰਮ



ਜਲੰਧਰ, 13 ਫਰਵਰੀ (ਪੋਸਟ ਬਿਊਰੋ)- ਅੱਜ ਵੀਰਵਾਰ ਜਦੋਂ ਅਕਾਲੀ ਦਲ ਨੇ ਅੰਮ੍ਰਿਤਸਰ ਦੇ ਰਾਜਾਸਾਂਸੀ ਵਿੱਚ ਰੈਲੀ ਕਰ ਕੇ ਤਾਕਤ ਦਿਖਾਈ ਤਾਂ ਇਸ ਮੌਕੇ ਅਕਾਲੀ ਦਲ ਤੋਂ ਵੱਖ ਹੋਏ ਅਕਾਲੀ ਦਲ ਟਕਸਾਲੀ ਦੇ ਆਗੂਆਂ ਨੇ ਵੀ ਰਣਨੀਤੀ ਉੱਤੇ ਮੰਥਨ ਸ਼ੁਰੂ ਕਰ ਦਿੱਤਾ ਹੈ। ਅਕਾਲੀ ਦਲ ਤੋਂ ਵੱਖ ਹੋਏ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਗੁਰਦੁਆਰਾ ਗੁਰੂ ਤੇਗ ਬਹਾਦਰ ਨੌਵੀਂ ਪਾਤਸ਼ਾਹੀ ਜਲੰਧਰ ਵਿਖੇ ਅੱਜ ਇਕ ਮੀਟਿੰਗ ਕੀਤੀ ਹੈ। ਇਸ ਮੌਕੇ ਟਕਸਾਲੀ ਅਕਾਲੀ ਦਲ ਦੇ ਬੋਨੀ ਅਮਰਪਾਲ ਸਿੰਘ ਅਜਨਾਲਾ ਅਤੇ ਡਾ: ਰਤਨ ਸਿੰਘ ਅਜਨਾਲਾ ਵੱਲੋਂ ਬਾਦਲ ਅਕਾਲੀ ਦਲ ਵਿੱਚ ਵਾਪਸੀ ਬਾਰੇ ਪ੍ਰਤੀਕਰਮ ਦੇਂਦੇ ਹੋਏ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਇਕ-ਅੱਧੇ ਚਲੇ ਜਾਣ ਨਾਲ ਪਾਰਟੀ ਨੂੰ ਫਰਕ ਨਹੀਂ ਪੈਂਦਾ। ਉਨ੍ਹਾਂ ਕਿਹਾ ਕਿ ਅੱਜ ਮਜੀਠੀਆ ਨੂੰ ਭਰਾ ਦੱਸਣ ਵਾਲਾ ਅਮਰਪਾਲ ਸਿੰਘ ਬੋਨੀ ਪਹਿਲਾਂ ਮਜੀਠੀਆ ਨੂੰ ਨਸ਼ੇ ਦਾ ਵਪਾਰੀ ਆਖਦਾ ਸੀ। ਆਪਣੇ ਆਪ ਨੂੰ ਬਾਗੀ ਕਹੇ ਜਾਣ ਬਾਰੇ ਸਵਾਲ ਉੱਤੇ ਢੀਂਡਸਾ ਨੇ ਕਿਹਾ ਕਿ ਅਸੀਂ ਬਾਗੀ ਨਹੀਂ, ਅਸਲੀ ਅਕਾਲੀ ਹਾਂ ਅਤੇ ਅਕਾਲੀ ਦਲ ਟਕਸਾਲੀ ਦੀ ਸੋਚ ਪੰਜਾਬ ਅਤੇ ਪੰਥ ਲਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਉੱਤੇ ਅੱਜ ਇਸ ਮੀਟਿੰਗ ਵਿੱਚ ਟਕਸਾਲੀ ਅਕਾਲੀਆਂ ਨੇ ਕਿਹਾ ਕਿ ਦੋਸ਼ੀਆਂ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ। ਇਸ ਮੌਕੇ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਜਿਵੇਂ ਗੁਰਦੁਆਰਿਆਂ ਤੋਂ ਮਹੰਤਾਂ ਨੂੰ ਕੱਢਿਆ ਗਿਆ ਸੀ, ਇਸ ਵਾਰੀ ਉਸੇ ਤਰ੍ਹਾਂ ਬਾਦਲ ਪਰਿਵਾਰ ਕੱਢਿਆ ਜਾਵੇਗਾ ਤੇ ਬਾਦਲਾਂ ਨੂੰ ਗੁਰੂਘਰਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਹਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਦੀਆਂ ਗੋਲਕਾਂ ਉੱਤੇ ਸੱਪ ਬਣ ਕੇ ਬੈਠੇ ਹੋਏ ਇਸ ਟੋਲੇ ਨੂੰ ਹਟਾਉਣਾ ਹੈ, ਕਿਉਂਕਿ ਇਨ੍ਹਾਂ ਨੇ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਹੈ।

ਆਪਣੇ ਬਾਰੇ ਜਾਅਲੀ ਟਕਸਾਲੀ ਦੇ ਸਵਾਲ ਦੇ ਜਵਾਬ ਵਿੱਚ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਜਿਨ੍ਹਾਂ ਨੇ ਮੋਰਚਿਆਂ ਵਿੱਚ 10-10 ਸਾਲ ਕੈਦਾਂ ਕੱਟੀਆਂ ਹਨ, ਉਹ ਜਾਅਲੀ ਹੋ ਗਏ, ਕੀ ਸਿਰਫ ਬਾਦਲ ਦਲ ਹੀ ਅਸਲ ਅਕਾਲੀ ਦਲ ਹੈ? ਉਨ੍ਹਾਂ ਕਿਹਾ ਕਿ ਬਾਦਲਾਂ ਨੂੰ ਇਹ ਕਹਿਣ ਉੱਤੇ ਸ਼ਰਮ ਕਰਨੀ ਚਾਹੀਦੀ ਹੈ। ਦਿੱਲੀ ਦੀਆਂ ਚੋਣਾਂ ਵਿੱਚ ਅਕਾਲੀ ਦਲ ਵੱਲੋਂ ਭਾਜਪਾ ਨੂੰ ਸਮਰਥਨ ਦੇਣ ਬਾਰੇ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਅਕਾਲੀ ਦਲ ਇਨ੍ਹਾਂ ਖਤਮ ਹੀ ਕਰ ਦਿੱਤਾ ਹੈ। ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਰੇੜੀਆਂ ਲੈ ਕੇ ਭਾਜਪਾ ਦੇ ਪੈਰਾਂ ਵਿੱਚ ਰੁਲਦਾ ਫਿਰਦਾ ਹੈ। ਉਨ੍ਹਾਂ ਕਿਹਾ ਕਿ ਸਿਰਫ ਹਰਸਿਮਰਤ ਕੌਰ ਬਾਦਲ ਦੀ ਕੁਰਸੀ ਬਚਾਉਣ ਲਈ ਬਾਦਲ ਪਰਿਵਾਰ ਨੇ ਇਹ ਸਭ ਕੀਤਾ ਹੈ।

### ਪਰਾਲੀ ਸਾੜਨ ਦਾ ਮਾਮਲਾ

## ਕਿਸਾਨਾਂ ਦੀ ਮਾਲ ਵਿਭਾਗ ਵਿੱਚ ਹੋਈ ਲਾਲ ਐਂਟਰੀ ਹੋਵੇਗੀ ਰੱਦ!

ਚੰਡੀਗੜ੍ਹ, 13 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿਚ ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਬਾਰੇ ਰਾਜ ਸਰਕਾਰ ਨੇ ਮਾਲ ਵਿਭਾਗ ਦੇ ਰਿਕਾਰਡ ਵਿੱਚ ਲਾਲ ਐਂਟਰੀ ਨਾ ਕਰਨ, ਦਰਜ ਕੇਸ ਰੱਦ ਕਰਨ ਤੇ ਹਰਜਾਨਾ ਨਾ ਵਸੂਲਣ ਦਾ ਭਰੋਸਾ ਦਿੱਤਾ ਹੈ। ਸਰਕਾਰ ਦਾ ਭਰੋਸਾ ਮਿਲਣ ਪਿੱਛੋਂ ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਨੇ 13 ਫਰਵਰੀ ਨੂੰ ਜ਼ੈਤੋ ਵਿਖੇ ਮੰਗਾਂ ਦੀ ਪੂਰਤੀ ਲਈ ਸਰਕਾਰ ਖ਼ਿਲਾਫ਼ ਲਾਇਆ ਜਾ ਰਿਹਾ ਮੋਰਚਾ ਮੁਲਤਵੀ ਕਰ ਦਿੱਤਾ ਹੈ।

ਇਸ ਬਾਰੇ ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੇ ਪ੍ਰੈਸ ਸਕੱਤਰ ਮੇਹਰ ਸਿੰਘ ਥੇੜੀ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਰਾਜਨੀਤਕ ਸਕੱਤਰ ਕੈਪਟਨ ਸੰਦੀਪ ਸੰਧੂ ਨੇ ਯੂਨੀਅਨ ਦੇ ਵਫ਼ਦ ਨਾਲ ਮੀਟਿੰਗ ਵਿਚ ਯੂਨੀਅਨ ਦੀਆਂ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਹੈ। ਉਨ੍ਹਾ ਦੱਸਿਆ ਹੈ ਕਿ ਯੂਨੀਅਨ ਨੇ ਮੰਗਾਂ ਦੀ ਪੂਰਤੀ ਲਈ 7 ਨਵੰਬਰ ਤੋਂ 9 ਦਸੰਬਰ ਤੱਕ ਜੈਤੋ (ਫਰੀਦਕੋਟ) ਵਿਖੇ ਮੋਰਚਾ ਲਾਇਆ ਸੀ। ਇਸ ਮੌਕੇ ਕਿਸਾਨ ਜਗਸੀਰ ਸਿੰਘ ਨੇ ਸਰਕਾਰ ਦੇ ਵਿਹਾਰ ਤੋਂ ਦੁਖੀ ਹੋ ਕੇ ਖੁਦਕੁਸ਼ੀ ਕਰ ਲਈ ਤਾਂ ਕਿਸਾਨਾਂ ਵਿੱਚ ਸਰਕਾਰ ਦੇ ਖ਼ਿਲਾਫ਼ ਗੁੱਸਾ ਹੋਰ ਵੀ ਵਧ ਗਿਆ ਸੀ। ਓਦੋਂ ਮੁੱਖ ਮੰਤਰੀ ਦੇ ਸਲਾਹਕਾਰ ਅਤੇ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਤੇ ਮੁੱਖ ਮੰਤਰੀ ਦੇ ਰਾਜਸੀ ਸਕੱਤਰ ਕੈਪਟਨ ਸੰਦੀਪ ਸੰਧੂ ਨੇ ਮੰਗਾਂ ਮੰਨਣ ਦਾ ਭਰੋਸਾ ਦੇ ਕੇ ਧਰਨਾ ਖ਼ਤਮ ਕਰਵਾ ਦਿੱਤਾ ਸੀ, ਪਰ ਸਰਕਾਰ ਨੇ ਵਾਅਦੇ ਉੱਤੇ ਅਮਲ ਨਹੀਂ ਸੀ ਕੀਤਾ, ਜਿਸ ਦੇ ਰੋਸ ਵਜੋਂ ਯੂਨੀਅਨ ਨੇ 13 ਫਰਵਰੀ ਨੂੰ ਜੈਤੋ ਵਿਖੇ ਫਿਰ ਪੱਕਾ ਮੋਰਚਾ ਲਾਉਣ ਦਾ ਫੈਸਲਾ ਕੀਤਾ ਸੀ। ਕਿਸਾਨਾਂ ਵੱਲੋਂ ਕੀਤੇ ਐਲਾਨ ਤੋਂ ਬਾਅਦ ਸਰਕਾਰ ਨੇ ਬੀਤੇ ਦਿਨੀਂ ਪਰਾਲੀ ਦੇ ਨਿਬੇੜੇ ਲਈ ਸਾਬਕਾ ਜਸਟਿਸ ਮਹਿਤਾਬ ਸਿੰਘ ਗਿੱਲ ਦੀ ਅਗਵਾਈ ਹੇਠ ਇੱਕ ਕਮੇਟੀ ਬਣਾ ਦਿੱਤੀ। ਥੇੜੀ ਦੇ ਅਨੁਸਾਰ ਸਰਕਾਰ ਨੇ ਖ਼ੁਦਕੁਸ਼ੀ ਕਰ ਗਏ ਕਿਸਾਨ ਜਗਸੀਰ ਸਿੰਘ ਦੇ ਪਰਵਾਰ ਨੂੰ 15 ਲੱਖ ਰੁਪਏ ਵਿੱਤੀ ਸਹਾਇਤਾ ਦੇ ਦਿੱਤੀ, ਪਰ ਉਸ ਦੇ ਪਰਵਾਰ ਨੂੰ ਨੌਕਰੀ ਦੇਣ ਅਤੇ ਹੋਰ ਵਾਅਦਿਆਂ ਉੱਤੇ ਅਮਲ ਨਹੀਂ ਕੀਤਾ, ਜਿਸ ਬਾਰੇ ਕਿਸਾਨਾਂ ਨੇ ਪੱਕਾ ਮੋਰਚਾ ਲਾਉਣ ਦਾ ਫੈਸਲਾ ਲਿਆ ਸੀ। ਉਨ੍ਹਾ ਦਾਅਵਾ ਕੀਤਾ ਕਿ ਕੈਪਟਨ ਸੰਦੀਪ ਸੰਧੂ ਨੇ ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਦੀਆਂ ਮਾਲ ਵਿਭਾਗ ਵਿੱਚ ਲਾਲ ਐਂਟਰੀਆਂ ਨੂੰ ਖ਼ਤਮ ਕਰਨ, ਦਰਜ ਕੇਸਾਂ ਦਾ ਨਿਬੇੜਾ ਕਰਨ, ਜੁਰਮਾਨਾ ਵਸੂਲਣਾ ਦੇ ਨੋਟਿਸ ਬੰਦ ਕਰਨ ਅਤੇ ਮ੍ਰਿਤਕ ਜਗਸੀਰ ਸਿੰਘ ਦੇ ਪਰਵਾਰਕ ਮੈਂਬਰ ਨੂੰ ਨੌਕਰੀ ਦੇਣ ਲਈ ਡਿਪਟੀ ਕਮਿਸ਼ਨਰ ਨੂੰ ਸਿਫ਼ਾਰਸ਼ ਕਰਨ ਦਾ ਭਰੋਸਾ ਦਿੱਤਾ ਹੈ।

## ਲਹਿਰਾ ਮੁਹੱਬਤ ਦਾ ਨੌਜਵਾਨ ਸ਼ੱਕ ਦੇ ਚੱਕਰ ਵਿਚ ਮਾਰਿਆ ਗਿਆ

ਬਠਿੰਡਾ, 13 ਫਰਵਰੀ (ਪੋਸਟ ਬਿਊਰੋ)- ਲਹਿਰਾ ਮੁਹੱਬਤ ਵਿੱਚ 9 ਫਰਵਰੀ ਰਾਤ ਨੂੰ ਇੱਕ ਨੌਜਵਾਨ ਦੇ ਕਤਲ ਦੇ ਦੋਸ਼ ਵਿੱਚ ਪੁਲਸ ਨੇ ਦੋ ਜਣਿਆਂ ਨੂੰ ਗ੍ਰਿਫ਼ਤਾਰ ਕਰ ਕੇ ਕਤਲ ਲਈ ਵਰਤੀ ਗਈ ਕੁਹਾੜੀ ਬਰਾਮਦ ਕਰ ਲਈ ਹੈ।

ਬਠਿੰਡਾ ਰੇਂਜ ਦੇ ਆਈ ਜੀ ਅਰੁਣ ਕੁਮਾਰ ਨੇ ਕੱਲ੍ਹ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ 9 ਫਰਵਰੀ ਨੂੰ ਰਾਤ ਸਮੇਂ ਲਹਿਰਾ ਮੁਹੱਬਤ ਵਿੱਚ ਪਰਵਿੰਦਰ ਸਿੰਘ ਪੁੱਤਰ ਗੁਰਮੀਤ ਸਿੰਘ ਦਾ ਅਣਪਛਾਤੇ ਵਿਅਕਤੀਆਂ ਵੱਲੋਂ ਕਤਲ ਕੀਤੇ ਜਾਣ 'ਤੇ ਨਥਾਣਾ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਇਸ ਦੀ ਜਾਂਚ ਲਈ ਐਸ ਐਸ ਪੀ ਡਾ. ਨਾਨਕ ਸਿੰਘ ਦੀ ਅਗਵਾਈ ਹੇਠ ਪੁਲਸ ਅਧਿਕਾਰੀਆਂ ਦੀ ਟੀਮ ਬਣਾਈ ਗਈ ਸੀ, ਜਿਸ ਨੇ ਪਰਮਜੀਤ ਸਿੰਘ ਉਰਫ਼ ਪੰਮਾ ਤੇ ਅੰਮ੍ਰਿਤਪਾਲ ਉਰਫ਼ ਨੀਟੂ ਵਾਸੀਆਨ ਲਹਿਰਾ ਮੁਹੱਬਤ ਨੂੰ ਨਾਮਜ਼ਦ ਕੀਤਾ ਸੀ। ਦੋਵਾਂ ਮੁਲਜ਼ਮਾਂ ਨੂੰ ਕੱਲ੍ਹ ਪੁਲਸ ਨੇ ਬਠਿੰਡਾ-ਬਰਨਾਲਾ ਰੋਡ 'ਤੇ ਲਹਿਰਾ ਮੁਹੱਬਤ ਬੱਸ ਅੱਡੇ ਤੋਂ ਗ੍ਰਿਫ਼ਤਾਰ ਕਰ ਲਿਆ। ਆਈ ਜੀ ਨੇ ਦੱਸਿਆ ਕਿ ਪਰਮਜੀਤ ਸਿੰਘ ਨੇ ਮੰਨਿਆ ਕਿ ਉਸ ਨੂੰ ਸ਼ੱਕ ਸੀ ਕਿ ਪਰਵਿੰਦਰ ਸਿੰਘ ਉਸ ਦੀ ਪਤਨੀ 'ਤੇ ਬੁਰੀ ਨਜ਼ਰ ਰੱਖਦਾ ਹੈ, ਜਿਸ ਕਰਕੇ ਉਸ ਨੇ ਉਸ ਦਾ ਕੁਹਾੜੀ ਮਾਰ ਕੇ ਕਤਲ ਕਰ ਦਿੱਤਾ ਸੀ।

## ਫਰਜ਼ੀ ਮੁਕਾਬਲਾ ਕੇਸ ਵਿਚ ਜਾਂਚ ਕਰਨ ਲਈ ਐੱਸ ਆਈ ਟੀ ਕਾਲਾ ਅਫਗਾਨਾ ਵਿੱਚ ਪਹੁੰਚੀ



ਫਤਿਹਗੜ੍ਹ ਚੂੜੀਆਂ, 13 ਫਰਵਰੀ (ਪੋਸਟ ਬਿਊਰੋ)- ਕਰੀਬ 25 ਸਾਲ ਪਹਿਲਾਂ ਪਿੰਡ ਕਾਲਾ ਅਫਗਾਨਾ ਵਿੱਚ ਹੋਏ ਪੁਲਸ ਮੁਕਾਬਲੇ ਵਿੱਚ ਮਾਰੇ ਗਏ ਸੁਖਪਾਲ ਸਿੰਘ ਦੇ ਕੇਸ ਦੀ ਜਾਂਚ ਕਰ ਰਹੀ ਵਿਸ਼ੇਸ ਜਾਂਚ ਟੀਮ (ਐੱਸ ਆਈ ਟੀ) ਨੇ ਕੱਲ੍ਹ ਘਟਨਾ ਵਾਲੀ ਥਾਂ ਦੌਰਾ ਕੀਤਾ ਹੈ। ਇਸ ਮੁਕਾਬਲੇ ਦੇ ਹਾਈ ਪ੍ਰੋਫਾਈਲ ਕੇਸ ਵਿੱਚ ਆਈ ਜੀ ਉਮਰਾਨੰਗਲ ਦੇ ਖਿਲਾਫ ਵੀ ਦੋਸ਼ ਲਾਏ ਗਏ ਹਨ। ਐਸ ਆਈ ਟੀ ਦੀ ਅਗਵਾਈ ਕਰ ਰਹੇ ਏ ਡੀ ਜੀ ਪੀ (ਕ੍ਰਾਈਮ) ਬੀ ਚੰਦਰਸ਼ੇਖਰ ਨੇ ਇਸ ਘਟਨਾ ਵਿੱਚ ਮਾਰੇ ਗਏ ਸੁਖਪਾਲ ਸਿੰਘ ਦੀ ਪਤਨੀ ਦਲਬੀਰ ਕੌਰ ਦੇ ਬਿਆਨ ਲਏ ਹਨ।

ਵਰਨਣ ਯੋਗ ਹੈ ਕਿ ਸੁਖਪਾਲ ਸਿੰਘ ਨੂੰ ਜੁਲਾਈ 1994 ਵਿੱਚ ਝੂਠਾ ਮੁਕਾਬਲਾ ਬਣਾ ਮਾਰ ਦੇਣ ਦੇ ਦੋਸ਼ ਪੁਲਸ 'ਤੇ ਲੱਗੇ ਸਨ। ਐੱਸ ਆਈ ਟੀ ਨੇ ਮ੍ਰਿਤਕ ਦੀ ਪਤਨੀ ਦੇ ਇਲਾਵਾ ਕਾਲਾ ਅਫਗਾਨਾ ਦੀ ਪੰਚਾਇਤ ਦੇ ਮੈਂਬਰਾਂ ਅਤੇ ਪਿੰਡ ਦੇ ਲੋਕਾਂ ਨਾਲ ਗੱਲ ਕੀਤੀ ਅਤੇ ਵੀਡੀਓਗਰਾਫੀ ਕੀਤੀ ਹੈ।

ਮ੍ਰਿਤਕ ਸੁਖਪਾਲ ਦੀ ਪਤਨੀ ਦਲਬੀਰ ਕੌਰ ਨੇ ਦੱਸਿਆ ਕਿ ਐੱਸ ਆਈ ਟੀ ਨੇ ਉਸ ਤੋਂ ਉਸ ਦੇ ਪਤੀ ਸੁਖਪਾਲ ਸਿੰਘ ਦੇ ਅਗਵਾ ਤੋਂ ਸ਼ੁਰੂ ਹੋਏ ਸਾਰੇ ਘਟਨਾਕਰਮ ਦੀ ਜਾਣਕਾਰੀ ਲਈ। ਉਸ ਨੇ ਐੱਸ ਆਈ ਟੀ ਨੂੰ ਦੱਸਿਆ ਕਿ 19 ਜੁਲਾਈ 1994 ਨੂੰ ਜਦ ਉਹ ਘਰ ਵਿੱਚ ਰਾਤ ਦਾ ਖਾਣਾ ਬਣਾ ਰਹੀ ਸੀ ਤਾਂ ਇੱਕ ਸਫੇਦ ਮਾਰੂਤੀ ਕਾਰ ਵਿੱਚ ਆਏ ਚਾਰ ਜਣੇ ਉਸ ਦੇ ਪਤੀ ਨੂੰ ਅਗਵਾ ਕਰ ਕੇ ਲੈ ਗਏ ਸਨ। ਸੀ ਬੀ ਆਈ ਜਾਂਚ ਲਈ ਉਸ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਰਿਟ ਦਾਇਰ ਕੀਤੀ ਤਾਂ ਕੋਰਟ ਦੋ ਦਸੰਬਰ 2019 ਨੂੰ ਪੰਜਾਬ ਸਰਕਾਰ ਨੂੰ ਤਿੰਨ ਮਹੀਨਿਆਂ ਵਿੱਚ ਪਹਿਲੀ ਸਟੇਟਸ ਰਿਪੋਰਟ ਦਾਇਰ ਕਰਨ ਦੇ ਹੁਕਮ ਦਿੱਤੇ ਸਨ। ਇਸ ਕੇਸ ਵਿੱਚ ਦਲਬੀਰ ਕੌਰ ਦੀ ਪੈਰਵੀ ਕਰਦੀ ਡਾਕਟਰ ਸ਼ੈਲੀ ਸ਼ਰਮਾ ਨੇ ਦੱਸਿਆ ਕਿ ਆਈ ਜੀ ਉਮਰਾਨੰਗਲ ਦੀ ਅਗਵਾਈ ਵਿੱਚ ਪੁਲਸ ਟੀਮ ਨੇ ਇੱਕ ਮੁਕਾਬਲਾ ਬਣਾ ਕੇ ਕਿਹਾ ਸੀ ਕਿ ਇਸ ਵਿੱਚ ਖਤਰਨਾਕ ਖਾੜਕੂ ਗੁਰਨਾਮ ਸਿੰਘ ਬੰਡਾਲਾ ਮਾਰਿਆ ਗਿਆ ਹੈ। ਚਾਰ ਸਾਲ ਬਾਅਦ 1998 ਵਿੱਚ ਪੁਲਸ ਨੇ ਗੁਰਨਾਮ ਸਿੰਘ ਬੰਡਾਲਾ ਨੂੰ ਗ੍ਰਿਫਤਾਰ ਕਰ ਲਿਆ। ਉਸ ਦੀ ਗ੍ਰਿਫਤਾਰੀ ਤੋਂ ਸਵਾਲ ਉੱਠ ਪਿਆ ਕਿ 1994 ਵਿੱਚ ਜਦੋਂ ਬੰਡਾਲਾ ਜਿੰਦਾ ਸੀ ਤਾਂ ਫਿਰ ਮੁਕਾਬਲੇ ਵਿੱਚ ਕਿਸ ਨੂੰ ਮਾਰਿਆ ਗਿਆ ਸੀ। ਡੀ ਐੱਸ ਪੀ ਫਤਿਹਗੜ੍ਹ ਚੂੜੀਆਂ ਬਲਬੀਰ ਸਿੰਘ ਨੇ ਦੱਸਿਆ ਕਿ ਏ ਡੀ ਜੀ ਪੀ, ਬੀ ਚੰਦਰਸ਼ੇਖਰ ਦੀ ਅਗਵਾਈ ਵਿੱਚ ਦੋ ਡੀ ਐੱਸ ਪੀਜ਼ ਸੁਖਵਿੰਦਰ ਸਿੰਘ ਅਤੇ ਰਾਕੇਸ਼ ਕੁਮਾਰ ਨੇ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ ਸੀ, ਜਿੱਥੋਂ ਸੁਖਪਾਲ ਸਿੰਘ ਨੂੰ ਅਗਵਾ ਕੀਤਾ ਗਿਆ ਸੀ। ਇਸ ਬਾਰੇ ਥਾਣਾ ਫਤਿਹਗੜ੍ਹ ਚੂੜੀਆਂ ਵਿੱਚ ਫਰਵਰੀ 2016 ਵਿੱਚ ਦਲਬੀਰ ਕੌਰ ਦੀ ਸ਼ਿਕਾਇਤ 'ਤੇ ਉਸ ਦੇ ਪਤੀ ਸੁਖਪਾਲ ਸਿੰਘ ਦੇ ਅਗਵਾ ਦੇ ਮਾਮਲੇ ਵਿੱਚ ਧਾਰਾ 364 ਦਾ ਕੇਸ ਦਰਜ ਕੀਤਾ ਗਿਆ ਸੀ।

## ਨਕਲੀ ਗਹਿਣੇ ਵੇਚਣ ਵਾਲੇ ਸੁਨਿਆਰਾ ਪਤੀ-ਪਤਨੀ ਵਿਰੁੱਧ ਹੋਇਆ ਕੇਸ ਦਰਜ



ਮੁਕੇਰੀਆਂ, 13 ਫਰਵਰੀ (ਪੋਸਟ ਬਿਊਰੋ)- ਸਥਾਨਕ ਪੁਲਿਸ ਨੇ ਨਕਲੀ ਗਹਿਣੇ ਵੇਚਣ ਦੇ ਦੋਸ਼ ਹੇਠ ਏਥੋਂ ਦੇ ਸੁਨਿਆਰਾ ਪਤੀ-ਪਤਨੀ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ ਅਤੇ ਅਗਲੀ ਜਾਂਚ ਕੀਤੀ ਜਾ ਰਹੀ ਹੈ।

ਏ ਐੱਸ ਆਈ ਦਿਲਬਾਗ ਸਿੰਘ ਨੇ ਦੱਸਿਆ ਕਿ ਬੁੱਧ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਫੌਜੀ ਕਾਲੋਨੀ ਮਾਡਲ ਟਾਊਨ ਉੜਮੁੜ, ਥਾਣਾ ਟਾਂਡਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਰਾਮਾ ਨੰਦ ਵਰਮਾ ਪੁੱਤਰ ਸੁਰਿੰਦਰ ਸ਼ਰਮਾ ਅਤੇ ਪ੍ਰੀਆ ਵਰਮਾ ਪਤਨੀ ਰਾਮਾ ਨੰਦ ਵਰਮਾ ਵਾਸੀ ਮੁਕੇਰੀਆਂ ਤੋਂ ਆਪਣੀ ਧੀ ਦੇ ਵਿਆਹ ਲਈ ਕਰੀਬ 40 ਤੋਲੇ ਸੋਨਾ ਲਿਆ ਸੀ, ਪਰ ਜਾਂਚ ਵਿੱਚ ਗਹਿਣੇ ਜਾਅਲੀ ਨਿਕਲੇ, ਜਿਸ ਪਿੱਛੋਂ ਉਨ੍ਹਾਂ ਨੇ ਪੁਲਿਸ ਨੂੰ ਸ਼ਿਕਾਇਤ ਦੇ ਕੇ ਇਨਸਾਫ਼ ਦੀ ਗੁਹਾਰ ਲਾਈ ਸੀ। ਸ਼ਿਕਾਇਤ ਦੀ ਜਾਂਚ ਤੋਂ ਬਾਅਦ ਮੁਲਜ਼ਮਾਂ ਖ਼ਿਲਾਫ਼ ਨਕਲੀ ਗਹਿਣੇ ਵੇਚਣ ਦੇ ਦੋਸ਼ ਹੇਠ ਠੱਗੀ ਦਾ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਵਰਣਨ ਯੋਗ ਹੈ ਕਿ ਇਹ ਉਹੀ ਸੁਨਿਆਰਾ ਪਤੀ-ਪਤਨੀ ਹਨ, ਜਿਨ੍ਹਾਂ ਦੇ ਖ਼ਿਲਾਫ਼ 2016 ਦੌਰਾਨ ਨਕਲੀ ਗਹਿਣੇ ਵੇਚਣ ਦਾ ਭੇਦ ਖੁੱਲ੍ਹਾ ਤਾਂ ਇਹ ਜੋੜਾ ਦੁਕਾਨ ਨੂੰ ਤਾਲਾ ਲਾ ਕੇ ਖਿਸਕ ਗਿਆ ਸੀ। ਲੋਕਾਂ ਨੇ ਦੱਸਿਆ ਕਿ ਇਸ ਸੁਨਿਆਰੇ ਨੇ ਪਿੰਡਾਂ ਵਿੱਚ ਵੱਡੇ ਹੋਰਡਿੰਗ ਲਾ ਕੇ ਅਤੇ ਸਥਾਨਕ ਟੀ ਵੀ ਚੈਨਲਾਂ ਰਾਹੀਂ ਮਸ਼ਹੂਰੀ ਕਰਕੇ ਸਸਤੇ ਗਹਿਣੇ ਅਤੇ ਸੋਨੇ ਦੇ ਗਹਿਣਿਆਂ ਨਾਲ ਚਾਂਦੀ ਮੁਫ਼ਤ ਦੇਣ ਦਾ ਲਾਲਚ ਦਿੱਤਾ ਤਾਂ ਵੱਡੀ ਗਿਣਤੀ ਗਾਹਕ ਸਸਤੇ ਦੇ ਲਾਲਚ ਵਿੱਚ ਠੱਗੇ ਗਏ, ਪਰ ਠੱਗੀ ਦਾ ਇਕ ਕੇਸ ਦਰਜ ਹੋਣ ਪਿੱਛੋਂ ਉਕਤ ਜੋੜੇ ਦੀ ਠੱਗੀ ਦਾ ਸ਼ਿਕਾਰ ਹੋਰ ਵੀ ਕਈ ਲੋਕ ਸਾਹਮਣੇ ਆਏ ਸਨ।

## ਕਾਰੋਬਾਰੀ ਦੀ ਕੋਠੀ ਵਿੱਚੋਂ ਵਿਦੇਸ਼ੀ ਪਿਸਤੌਲ, ਗਹਿਣੇ ਅਤੇ ਨਕਦੀ ਚੋਰੀ

ਜਲੰਧਰ, 13 ਫਰਵਰੀ (ਪੋਸਟ ਬਿਊਰੋ)- ਥਾਣਾ ਡਵੀਜ਼ਨ ਨੰਬਰ ਤਿੰਨ ਹੇਠਲੇ ਮੁਹੱਲਾ ਫਤਿਹਪੁਰੀ ਦੇ ਵਾਸੀ ਕਾਰੋਬਾਰੀ ਦੀ ਕੋਠੀ ਦੇ ਤਾਲੇ ਤੋੜ ਕੇ ਇੱਕ ਵਿਦੇਸ਼ੀ ਪਿਸਤੌਲ, 25 ਜ਼ਿੰਦਾ ਕਾਰਤੂਸ, ਗਹਿਣੇ ਅਤੇ ਨਕਦੀ ਚੋਰੀ ਕਰ ਲਾਏ ਜਾਣ ਦੀ ਖਬਰ ਆਈ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਖੇਤੀ ਦੇ ਸੰਦ ਬਣਾਉਣ ਦਾ ਕਾਰੋਬਾਰ ਕਰਨ ਵਾਲੇ ਰਾਮ ਪਾਲ ਵਰਮਾ ਨੇ ਦੱਸਿਆ ਕਿ ਉਹ ਆਪਣੇ ਪਰਵਾਰ ਦੇ ਨਾਲ ਕੁਝ ਦਿਨਾਂ ਤੋਂ ਘਰੋਂ ਬਾਹਰ ਕਿਤੇ ਗਿਆ ਸੀ ਅਤੇ ਕੱਲ੍ਹ ਵਾਪਸ ਆਇਆ ਅਤੇ ਸੋਮਵਾਰ ਨੂੰ ਫਿਰ ਕੋਠੀ ਨੂੰ ਤਾਲੇ ਲਾ ਕੇ ਸ਼ਹਿਰ ਤੋਂ ਬਾਹਰ ਚਲਾ ਗਿਆ ਸੀ। ਸਵੇਰੇ ਕਰੀਬ 8.45 ਵਜੇ ਜਦੋਂ ਉਹ ਪਰਵਾਰ ਸਮੇਤ ਘਰ ਆਇਆ ਤਾਂ ਦੇਖਿਆ ਕਿ ਘਰ ਦੇ ਤਾਲੇ ਟੁੱਟੇ ਹੋਏ ਹਨ। ਅੰਦਰ ਜਾ ਕੇ ਵੇਖਿਆ ਤਾਂ ਪਤਾ ਲੱਗਾ ਕਿ ਕੀਮਤੀ ਸਾਮਾਨ ਚੋਰੀ ਹੋ ਗਿਆ ਹੈ। ਇਸ ਦੀ ਸੂਚਨਾ ਉੱਤੇ ਏ ਡੀ ਸੀ ਪੀ (ਸਿਟੀ-1) ਸੁਡਰ ਵਿਜ਼ੀ ਪੁਲਸ ਪਾਰਟੀ ਮੌਕੇ 'ਤੇ ਪਹੁੰਚ ਗਏ। ਇਲਾਕੇ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਤੋਂ ਪਤਾ ਲੱਗਾ ਕਿ ਇੱਕ ਵਿਅਕਤੀ ਸਵੇਰੇ 3.38 ਵਜੇ ਕੋਠੀ ਵਿੱਚ ਵੜਿਆ ਤੇ ਵਾਰਦਾਤ ਦੇ ਬਾਅਦ ਫ਼ਰਾਰ ਹੋ ਗਿਆ। ਵਾਰਦਾਤ ਕਰਨ ਦੋਸ਼ੀ ਘਰ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦਾ ਡੀ ਵੀ ਆਰ ਨਾਲ ਲੈ ਗਿਆ। ਪੁਲਸ ਵੱਲੋਂ ਇਲਾਕੇ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਕਰ ਕੇ ਦੋਸ਼ੀ ਦੀ ਭਾਲ ਕੀਤੀ ਜਾ ਰਹੀ ਹੈ।

## ਰਿਵਾਲਵਰ ਤਾਣਨ ਦੇ ਬਾਅਦ ਰੇਤਾ ਠੇਕੇਦਾਰ ਨੂੰ ਲੋਕਾਂ ਨੇ ਝੰਬਿਆ

ਜਗਰਾਓਂ, 13 ਫਰਵਰੀ (ਪੋਸਟ ਬਿਊਰੋ)- ਸਤਲੁਜ ਦਰਿਆ ਦੇ ਪੁਲ ਨੇੜੇ ਰੇਤਾ ਕੱਢਣ ਦਾ ਵਿਰੋਧ ਕਰਦੇ ਇੱਕ ਪਿੰਡ ਦੇ ਲੋਕਾਂ 'ਤੇ ਰੇਤਾ ਠੇਕੇਦਾਰ ਨੇ ਰਿਵਾਲਵਰ ਤਾਣ ਲਈ ਤਾਂ ਲੋਕਾਂ ਨੇ ਠੇਕੇਦਾਰ ਨੂੰ ਮੋਟਰ ਵਾਲੇ ਕਮਰੇ 'ਚ ਲਿਜਾ ਕੇ ਕੁੱਟਿਆ। ਇਸ ਦੇ ਬਾਅਦ ਠੇਕੇਦਾਰ ਵੱਲੋਂ ਮਾਫ਼ੀ ਮੰਗਣ 'ਤੇ ਵੱਡੀ ਗਿਣਤੀ 'ਚ ਪੁਲਸ ਫੋਰਸ ਦੇ ਪਹਿਰੇ ਹੇਠ ਠੇਕੇਦਾਰ ਨੂੰ ਉਸ ਦੇ ਠਿਕਾਣੇ ਪਹੁੰਚਾਇਆ ਗਿਆ, ਜਿਸ ਦੀ ਇਲਾਕੇ ਵਿੱਚ ਚਰਚਾ ਹੈ।

ਮਿਲੀ ਜਾਣਕਾਰੀ ਅਨੁਸਾਰ ਸਤਲੁਜ ਦਰਿਆ ਨੇੜੇ ਪਿੰਡ ਮੱਦੇਪੁਰ ਵਿੱਚ ਰੇਤਾ ਠੇਕੇਦਾਰ ਵੱਲੋਂ ਖੱਡ ਸ਼ੁਰੂ ਕਰਨ 'ਤੇ ਇਲਾਕੇ ਦੇ ਪਿੰਡਾਂ ਦੇ ਲੋਕ ਵੱਡੀ ਗਿਣਤੀ 'ਚ ਇਕੱਠੇ ਹੋ ਗਏ। ਉਹ ਇਸ ਖੱਡ ਦੇ ਸ਼ੁਰੂ ਹੋਣ ਨਾਲ ਸਤਲੁਜ ਦਾ ਮੱਦੇਪੁਰ ਬੰਨ੍ਹ ਟੁੱਟਣ ਐ ਬੇਟ ਇਲਾਕੇ ਨੂੰ ਜਲੰਧਰ ਨਾਲ ਜੋੜਨ ਵਾਲੇ ਸਤਲੁਜ ਦਰਿਆ 'ਤੇ ਬਣੇ ਪੁੱਲ ਨੂੰ ਖਤਰੇ ਬਾਰੇ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਠੇਕੇਦਾਰ ਅਤੇ ਪਿੰਡ ਵਾਸੀਆਂ ਦੀ ਬਹਿਸ ਹੋ ਗਈ। ਗਰਮਾ-ਗਰਮੀ 'ਚ ਠੇਕੇਦਾਰ ਨੇ ਲੋਕਾਂ ਵੱਲ ਰਿਵਾਲਵਰ ਤਾਣ ਦਿੱਤਾ ਤਾਂ ਪਿੰਡ ਵਾਸੀ ਭੜਕ ਪਏ ਅਤੇ ਠੇਕੇਦਾਰ ਨੂੰ ਨੇੜਲੇ ਖੇਤ ਦੀ ਮੋਟਰ ਵਾਲੇ ਕਮਰੇ ਵਿੱਚ ਲੈ ਗਏ ਤੇ ਉਥੇ ਉਸ ਨੂੰ ਕੁਟਾਪਾ ਚਾੜ੍ਹਿਆ। ਇਸ ਦੀ ਸੂਚਨਾ ਮਿਲਦੇ ਸਾਰ ਥਾਣਾ ਸਿੱਧਵਾ ਬੇਟ ਦੀ ਪੁਲਸ ਮੌਕੇ 'ਤੇ ਪੁੱਜੀ। ਲੋਕਾਂ ਦੇ ਰੋਸ ਨੂੰ ਦੇਖ ਕੇ ਠੇਕੇਦਾਰ ਗੁਰਪ੍ਰਤਾਪ ਸਿੰਘ ਪੁੱਤਰ ਹਰਮਿੰਦਰ ਸਿੰਘ ਵਾਸੀ ਲੁਧਿਆਣਾ ਨੇ ਲਿਖਤੀ ਮਾਫ਼ੀ ਮੰਗੀ ਅਤੇ ਅੱਗੇ ਤੋਂ ਗੁੰਡਾਗਰਦੀ ਕਰਨ ਤੋਂ ਤੌਬਾ ਕੀਤੀ।


FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158



ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224



# ਦਿੱਲੀ ਵਿੱਚ ਇੱਕੋ ਪਰਿਵਾਰ ਦੇ ਪੰਜ ਜੀਅ ਮ੍ਰਿਤਕ ਮਿਲੇ



ਘਟਨਾ ਵਾਲੇ ਘਰ ਦੇ ਬਾਹਰ ਜਮ੍ਹਾਂ ਹੋਈ ਪੁਲਸ।



ਐਂਬੂਲੈਂਸ ਵਿਚ ਲਾਸ਼ਾਂ ਲਿਜਾਂਦੇ ਹੋਏ।

ਨਵੀਂ ਦਿੱਲੀ, 13 ਫਰਵਰੀ (ਪੋਸਟ ਬਿਊਰੋ)- ਦਿੱਲੀ ਦੇ ਭਜਨਪੁਰਾ ਵਿੱਚ ਇੱਕ ਘਰ ਵਿੱਚ ਇੱਕ ਹੀ ਪਰਵਾਰ ਦੇ ਪੰਜ ਮੈਂਬਰਾਂ ਦੀਆਂ ਲਾਸ਼ਾਂ ਸੜ-ਗਲੀ ਹਾਲਤ ਵਿੱਚ ਮਿਲੀਆਂ। ਮ੍ਰਿਤਕਾਂ ਵਿੱਚ ਪਤੀ-ਪਤਨੀ ਅਤੇ ਉਨ੍ਹਾਂ ਦੇ ਤਿੰਨ ਬੱਚੇ ਸ਼ਾਮਲ ਹਨ। ਮੌਕੇ ਤੋਂ ਪੁਲਸ ਨੂੰ ਹਥੌੜੀ ਤੇ ਆਰੀ ਮਿਲੀ ਹੈ। ਸ਼ੱਕ ਹੈ ਕਿ ਪਰਵਾਰ ਦੀ ਹੱਤਿਆ ਕੀਤੀ ਗਈ ਹੈ। ਇਸ ਘਟਨਾ ਦਾ ਖੁਲਾਸਾ ਉਦੋਂ ਹੋਇਆ ਜਦ ਆਸਪਾਸ ਦੇ ਲੋਕਾਂ ਨੇ ਇਸ ਘਰ 'ਚੋਂ ਬਦਬੂ ਆਉਣ ਦੀ ਸ਼ਿਕਾਇਤ ਕੀਤੀ। ਮੌਕੇ 'ਤੇ ਪਹੁੰਚੀ ਪੁਲਸ ਤਾਲਾ ਤੋੜ ਕੇ ਘਰ ਵਿੱਚ ਗਈ। ਪੁਲਸ ਨੇ ਦੱਸਿਆ ਕਿ ਮਕਾਨ ਨੰਬਰ 275 'ਚ ਬਿਹਾਰ ਵਾਸੀ ਸ਼ੰਭੂਨਾਥ (43) ਆਪਣੀ ਪਤਨੀ ਸੁਨੀਤਾ (37) ਤੇ ਤਿੰਨ ਬੱਚਿਆਂ ਸ਼ਿਵਮ (17), ਸਚਿਨ (14) ਅਤੇ ਬੇਟੀ ਕੋਮਲ (12) ਨਾਲ ਰਹਿੰਦਾ ਸੀ। ਉਸ ਦੇ ਮੇਨ ਗੇਟ 'ਤੇ ਤਾਲਾ ਲੱਗਾ ਸੀ ਤੇ ਘਰ ਦਾ ਪਿਛਲਾ ਦਰਵਾਜ਼ਾ ਅੰਦਰੋਂ ਬੰਦ ਸੀ। ਅਜਿਹੇ ਵਿੱਚ ਕਿਸੇ ਬਾਹਰਲੇ ਦੇ ਅੰਦਰ ਆਉਣ ਦਾ ਸ਼ੱਕ ਨਹੀਂ ਹੈ। ਪੰਜੇ ਲਾਸ਼ਾਂ ਦੋ ਕਮਰਿਆਂ ਵਿੱਚ ਪਈਆਂ ਸਨ। ਪੁਲਸ ਨੂੰ ਸ਼ੱਕ ਹੈ ਕਿ ਸਾਰਿਆਂ ਦੀ ਮੌਤ ਛੇ-ਸੱਤ ਦਿਨ ਪਹਿਲਾਂ ਹੋ ਚੁੱਕੀ ਹੈ। ਇਨ੍ਹਾਂ ਦੀ ਹੱਤਿਆ ਵਿੱਚ ਕਿਸੇ ਨਜ਼ਦੀਕੀ ਦਾ ਹੱਥ ਹੋ ਸਕਦਾ ਹੈ, ਜਿਸ ਨੂੰ ਪਰਵਾਰ ਦੇ ਬਾਰੇ ਪੂਰੀ ਜਾਣਕਾਰੀ ਹੋਵੇਗੀ।

# ਨਾਗਰਿਕਤਾ ਸੋਧ ਕਾਨੂੰਨ ਸਬੰਧੀ ਪੁਡੂਚੇਰੀ ਵਿੱਚ ਵੀ ਵਿਰੋਧ ਕਰਨ ਦਾ ਮਤਾ ਪਾਸ



ਪੁਡੂਚੇਰੀ, 13 ਫਰਵਰੀ (ਪੋਸਟ ਬਿਊਰੋ)- ਕਾਂਗਰਸ ਦੀ ਅਗਵਾਈ ਵਾਲੀ ਪੁਡੂਚੇਰੀ ਵਿਧਾਨ ਸਭਾ ਵਿੱਚ ਵੀ ਕੇਂਦਰ ਦੇ ਵਿਵਾਦਿਤ ਨਾਗਰਿਕਤਾ ਸੋਧ ਐਕਟ (ਸੀ ਏ ਏ) ਦੇ ਖ਼ਿਲਾਫ਼ ਮਤਾ ਪਾਸ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਪੁਡੂਚੇਰੀ ਇਸ ਕਾਨੂੰਨ ਦੇ ਵਿਰੁੱਧ ਮਤਾ ਪਾਸ ਕਰਨ ਵਾਲਾ ਪਹਿਲਾ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣ ਗਿਆ ਹੈ। ਇਸ ਤੋਂ ਪਹਿਲਾਂ ਕੁਝ ਰਾਜਾਂ ਕੇਰਲਾ, ਪੰਜਾਬ ਅਤੇ ਪੱਛਮੀ ਬੰਗਾਲ ਵੱਲੋਂ ਸੀ ਏ ਏ ਵਿਰੁੱਧ ਮਤੇ ਪਾਸ ਕੀਤੇ ਗਏ ਸਨ।

ਪੁੱਡੂਚੇਰੀ ਵਿਧਾਨ ਸਭਾ ਦੇ ਇੱਕ ਦਿਨ ਦੇ ਵਿਸ਼ੇਸ਼ ਇਜਲਾਸ, ਜਿਸ ਦਾ ਵਿਰੋਧੀ ਧਿਰ ਨੇ ਬਾਈਕਾਟ ਕੀਤਾ ਸੀ, ਦੇ ਦੌਰਾਨ ਮੁੱਖ ਮੰਤਰੀ ਵੀ. ਨਾਰਾਇਣਸਾਮੀ ਵੱਲੋਂ ਮਤਾ ਪੇਸ਼ ਕੀਤਾ ਗਿਆ। ਵਿਧਾਨ ਸਭਾ ਨੇ ਨੈਸ਼ਨਲ ਸਿਟੀਜ਼ਨ ਰਜਿਸਟਰ (ਐਨ ਆਰ ਸੀ) ਅਤੇ ਨੈਸ਼ਨਲ ਪਾਪੂਲੇਸ਼ਨ ਰਜਿਸਟਰ (ਐਨ ਪੀ ਆਰ) ਦਾ ਤਿੱਖਾ ਵਿਰੋਧ ਦਰਜ ਕਰਾਇਆ ਗਿਆ, ਜਦ ਕਿ ਵਿਰੋਧੀ ਧਿਰਾਂ ਏ ਆਈ ਐਨ ਆਰ ਸੀ ਅਤੇ ਅੰਨਾ ਡੀ ਐਮ ਕੇ ਨੇ ਸੈਸ਼ਨ ਦਾ ਬਾਈਕਾਟ ਕੀਤਾ, ਜਦ ਕਿ ਭਾਜਪਾ ਦੇ ਤਿੰਨ ਵਿਧਾਇਕਾਂ ਨੇ ਹਾਊਸ ਵਿੱਚ ਮਤਾ ਰੱਖੇ ਜਾਣ ਦਾ ਵਿਰੋਧ ਕਰਦਿਆਂ ਵਾਕ-ਆਊਟ ਕੀਤਾ। ਭਾਜਪਾ ਮੈਂਬਰਾਂ ਨੇ ਇਸ ਮਤੇ ਨੂੰ 'ਲੋਕਤੰਤਰ ਦਾ ਕਤਲ' ਅਤੇ 'ਸੰਵਿਧਾਨਿਕ ਧਾਰਵਾਂ ਦੀ ਉਲੰਘਣਾ' ਆਖਿਆ। ਇਸ ਮਤੇ ਰਾਹੀਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਸੀ ਏ ਏ ਨੂੰ ਵਾਪਸ ਲਿਆ ਜਾਵੇ, ਕਿਉਂਕਿ ਇਹ 'ਧਰਮ-ਨਿਰਪੱਖਤਾ ਦੇ ਸਿਧਾਂਤਾਂ ਦੇ ਉਲਟ' ਹੈ। ਇਸ ਮਤੇ 'ਤੇ ਚਰਚਾ ਤੋਂ ਬਾਅਦ ਕਾਂਗਰਸ ਅਤੇ ਇਸ ਦੀ ਭਾਈਵਾਲ ਡੀ ਐਮ ਕੇ ਦੇ ਵਿਧਾਇਕਾਂ ਨੇ ਇਸ ਨੂੰ ਪਾਸ ਕਰ ਦਿੱਤਾ। ਸਪੀਕਰ ਵੀ ਪੀ ਸਿਵਾਕੋਲੂੰਧੁ ਨੇ ਕਿਹਾ ਕਿ ਮਤਾ ਸਰਬ ਸਮੰਤੀ ਨਾਲ ਪਾਸ ਕੀਤਾ ਗਿਆ ਹੈ।

## ਕੇਜਰੀਵਾਲ ਦੀ ਸਰਕਾਰ ਦਾ ਸਹੁੰ ਚੁੱਕ ਸਮਾਗਮ 16 ਨੂੰ ਰਾਮਲੀਲ੍ਹਾ ਮੈਦਾਨ ਵਿੱਚ



ਨਵੀਂ ਦਿੱਲੀ, 13 ਫਰਵਰੀ (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ 'ਚ ਸ਼ਾਨਦਾਰ ਜਿੱਤ ਹਾਸਲ ਕਰਨ ਵਾਲੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ 16 ਫਰਵਰੀ ਨੂੰ ਦਿੱਲੀ ਦੇ ਰਾਮਲੀਲ੍ਹਾ ਗਰਾਊਂਡ ਵਿੱਚ ਇਸ ਅਹੁਦੇ ਦੀ ਸਹੁੰ ਚੁੱਕਣ-ਗੇ। ਇਸ ਪਾਰਟੀ ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਵਿਧਾਇਕ ਦਲ ਦੀ ਮੀਟਿੰਗ 'ਚ ਅਰਵਿੰਦ ਕੇਜਰੀਵਾਲ ਨੂੰ ਵਿਧਾਇਕ ਦਲ ਦਾ ਨੇਤਾ ਚੁਣ ਲਿਆ ਗਿਆ ਹੈ ਤੇ ਉਹ 16 ਫਰਵਰੀ ਨੂੰ ਸਹੁੰ ਚੁੱਕਣਗੇ। ਸਿਸੋਦੀਆ ਨੇ ਕੇਜਰੀਵਾਲ ਅਤੇ ਉਨ੍ਹਾਂ ਦੀ ਕੈਬਨਿਟ ਦੇ ਸਹੁੰ ਚੁੱਕ ਸਮਾਗਮ ਬਾਰੇ ਕਿਹਾ ਕਿ ਕੇਜਰੀਵਾਲ ਨਾਲ ਪੂਰੀ ਕੈਬਨਿਟ ਵੀ ਸਹੁੰ ਚੁੱਕੇਗੀ ਅਤੇ ਸਮਾਗਮ ਸਵੇਰੇ 10 ਵਜੇ ਸ਼ੁਰੂ ਹੋਵੇਗਾ। ਇਸ ਮੌਕੇ ਮੁਨੀਸ਼ ਸਿਸੋਦੀਆ ਨੇ ਸਾਰੇ ਦਿੱਲੀ ਵਾਸੀਆਂ ਨੂੰ ਰਾਮਲੀਲ੍ਹਾ ਗਰਾਊਂਡ ਆਉਣ ਤੇ ਕੇਜਰੀਵਾਲ ਦੇ ਨਾਲ ਮਿਲ ਕੇ ਦਿੱਲੀ ਨੂੰ ਨਫ਼ਰਤ ਦੀ ਰਾਜਨੀਤੀ ਤੋਂ ਮੁਕਤ ਕਰਨ ਦੀ ਸਹੁੰ ਚੁੱਕਣ ਦਾ ਸੱਦਾ ਦਿੱਤਾ। ਇਸ ਤੋਂ ਪਹਿਲਾਂ ਮੁਨੀਸ਼ ਸਿਸੋਦੀਆ ਨੇ ਚੋਣਾਂ 'ਚ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਵਿੱਚ ਵਿਸ਼ਵਸ ਜਤਾਉਣ ਲਈ ਦਿੱਲੀ ਦੀ ਜਨਤਾ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਕਿਹਾ ਕਿ ਦਿੱਲੀ ਦੀ ਜਨਤਾ ਨੇ ਆਸ ਤੋਂ ਵੱਧ ਤੇ ਦਿਲ ਖੋਲ੍ਹ ਕੇ ਪਾਰਟੀ ਦਾ ਸਮਰਥਨ ਕੀਤਾ। ਉਨ੍ਹਾਂ ਕਿਹਾ ਕਿ ਦਿੱਲੀ ਦੇ ਲੋਕਾਂ ਨੇ ਨਫ਼ਰਤ ਦੀ ਰਾਜਨੀਤੀ ਨੂੰ ਬਿਲਕੁਲ ਨਕਾਰ ਦਿੱਤਾ ਅਤੇ ਇਹ ਸਾਬਤ ਕਰ ਦਿੱਤਾ ਕਿ ਕੇਜਰੀਵਾਲ ਮਾਡਲ ਹੀ ਵਿਕਾਸ ਦਾ ਅਸਲੀ ਮਾਡਲ ਹੈ।

## ਨੀਂਦ ਉੱਤੇ ਇੰਟਰਨਸ਼ਿਪ ਲਈ 23 ਵਿਅਕਤੀ ਸੌ ਦਿਨ ਸੌਣਗੇ

ਬੰਗਲੁਰੂ, 13 ਫਰਵਰੀ (ਪੋਸਟ ਬਿਊਰੋ)- ਸੌਣਾ ਹਰ ਕਿਸੇ ਨੂੰ ਪਸੰਦ ਹੁੰਦਾ ਹੈ, ਪਰ ਜਦੋਂ ਇਸ ਲਈ ਬਹੁਤ ਸਾਰਾ ਸੌਣ ਦੀ ਮੋਟੀ ਰਕਮ ਮਿਲਦੀ ਹੈ ਤਾਂ ਇਹ ਚੁਟਕਲਾ ਨਹੀਂ, ਹਕੀਕਤ ਦਾ ਮੁਕਾਬਲਾ ਬਣ ਜਾਂਦਾ ਹੈ।

ਬੰਗਲੌਰ ਦੀ ਇਕ ਸ਼ੁਰੂਆਤੀ ਕੰਪਨੀ ਵੇਕਫਿਟ.ਕਾਪ ਨੇ ਨੀਂਦ ਦਾ ਇੰਟਰਨਸ਼ਿਪ ਪ੍ਰੋਗਰਾਮ ਸ਼ੁਰੂ ਕੀਤਾ ਹੈ। ਉਸ ਨੇ ਲੱਖਾਂ ਲੋਕਾਂ ਵਿਚੋਂ ਕੁੱਲ 23 ਇੰਟਰਨਸ ਦੀ ਚੋਣ ਕੀਤੀ, ਜਿਸ ਵਿਚੋਂ ਬੈਂਗਲੁਰੂ ਦੇ ਲੋਕਾਂ ਨੇ ਮਾਰੀ ਬਾਜ਼ੀ ਹੈ। ਬੰਗਲੁਰੂ ਦੀ ਕੰਪਨੀ ਵੇਕਫਿਟ.ਕਾਪ ਨੇ ਦੱਸਿਆ ਕਿ ਉਨ੍ਹਾਂ ਕੋਲ 1.7 ਲੱਖ ਲੋਕਾਂ ਨੇ ਅਪਲਾਈ ਕੀਤਾ ਸੀ। ਇਨ੍ਹਾਂ ਵਿੱਚੋਂ 23 ਜਣਿਆਂ ਦੀ ਚੋਣ ਕੀਤੀ ਗਈ, ਜਿਨ੍ਹਾਂ ਵਿੱਚੋਂ ਅੱਠ ਬੰਗਲੌਰ ਦੇ ਸਨ। ਇਨ੍ਹਾਂ ਅੱਠਾਂ ਵਿੱਚੋਂ ਪੰਜ ਆਦਮੀ ਅਤੇ ਤਿੰਨ ਔਰਤਾਂ ਹਨ, ਜੋ 25 ਤੋਂ 45 ਸਾਲ ਦੀ ਉਮਰ ਵਿਚਾਲੇ ਹਨ ਅਤੇ ਸਾਰੇ ਆਈ ਟੀ ਜਾਂ ਮਾਰਕੀਟਿੰਗ ਦੇ ਖੇਤਰ ਵਿੱਚੋਂ ਹਨ। ਬਾਕੀ ਹੈਦਰਾਬਾਦ, ਚੇਨਈ, ਮੁੰਬਈ ਅਤੇ ਦਿੱਲੀ ਦੇ ਹਨ। 10 ਫੀਸਦੀ ਲੋਕ ਵਿਦੇਸ਼ੀ ਬ੍ਰਿਟੇਨ, ਅਮਰੀਕਾ ਆਦਿ ਤੋਂ ਹਨ।

ਇਸ ਵਿਲੱਖਣ ਨੀਂਦ ਦੀ ਇੰਟਰਨਸ਼ਿਪ ਵਿਚ ਉਨ੍ਹਾਂ ਨੂੰ 100 ਦਿਨ ਇਕ ਖਾਸ ਕਿਸਮ ਦੀ ਚਟਾਈ ਉੱਤੇ ਇਕ ਖਾਸ ਸਮੇਂ ਲਈ ਸੌਣਾ ਪਵੇਗਾ। ਇਸ ਦੇ ਲਈ ਉਨ੍ਹਾਂ ਨੂੰ ਇੱਕ ਲੱਖ ਰੁਪਏ ਮਿਲਣਗੇ, ਪਰ ਉਨ੍ਹਾਂ ਉੱਤੇ ਟਰੈਕਰ ਨਾਲ ਅੱਖ ਰੱਖੀ ਜਾਵੇਗੀ ਅਤੇ ਉਨ੍ਹਾਂ ਨੂੰ ਨੀਂਦ ਵਿੱਚ ਸੁਧਾਰ ਕਰਨ ਲਈ ਮਾਹਰ ਨਾਲ ਗੱਲ ਕਰਨ ਦੀ ਸਹੂਲਤ ਮਿਲੇਗੀ। ਇਹ ਸਾਰੇ 23 ਵਿਅਕਤੀ 1.7 ਲੱਖ ਲੋਕਾਂ ਦੀ ਨੀਂਦ ਨੂੰ ਸਮਰਪਣ ਦੇ ਅਧਾਰ ਉਤੇ ਚੁਣੇ ਗਏ ਸਨ। ਉਨ੍ਹਾਂ ਨੂੰ ਸਾਬਤ ਕਰਨਾ ਪਿਆ ਕਿ ਨੀਂਦ ਨੂੰ ਬਹੁਤ ਪਸੰਦ ਕਰਦੇ ਹਨ। ਸ਼ੁਰੂ ਵਿਚ ਉਨ੍ਹਾਂ ਨੂੰ ਦੱਸਣਾ ਪਿਆ ਕਿ ਨੀਂਦ ਨੂੰ ਕਿੰਨਾ ਪਸੰਦ ਕਰਦੇ ਹਨ। ਦੂਜੇ ਗੇੜ ਵਿੱਚ ਆਪਣਾ ਵੀਡੀਓ ਰੈਜ਼ਿਊਮੇ ਭੇਜਣ ਨੂੰ ਕਿਹਾ ਗਿਆ। ਅੰਤਲੇ ਦੌਰ ਵਿੱਚ ਇਟਰਵਿਊ ਲਏ ਗਏ। ਐਤਵਾਰ ਨੂੰ ਬੰਗਲੁਰੂ ਵਿੱਚ ਹੋਇਆ ਦੌਰ ਦੱਸਦਾ ਹੈ ਕਿ ਸੌਣ ਲਈ ਇੰਟਰਨ ਕਿੰਨੇ ਰਚਨਾਤਮਕ ਸੋਚ ਰੱਖਦੇ ਹਨ। ਇਹ ਖੋਜ ਅਗਲੇ 100 ਦਿਨ ਚੱਲੇਗੀ। ਵੇਕਫਿਟ.ਕੱਾਪ ਇਨ੍ਹਾਂ ਲੋਕਾਂ ਦੇ ਡੇਟਾ ਨੂੰ ਆਪਣੀ ਵੈੱਬਸਾਈਟ ਉੱਤੇ ਰੱਖੇਗੀ, ਜਿਸ ਤੋਂ ਬਾਅਦ ਇਹ ਨੀਂਦ ਦੀ ਸਿਹਤ ਉੱਤੇ ਇਕ ਵਿਸਥਾਰਤ ਰਿਪੋਰਟ ਪੇਸ਼ ਕਰੇਗੀ।

## ਸੱਟੇਬਾਜ਼ ਸੰਜੀਵ ਚਾਵਲਾ ਬ੍ਰਿਟੇਨ ਤੋਂ ਭਾਰਤ ਲਿਆਂਦਾ ਗਿਆ

ਨਵੀਂ ਦਿੱਲੀ, 13 ਫਰਵਰੀ (ਪੋਸਟ ਬਿਊਰੋ)- ਸੱਟੇਬਾਜ਼ ਸੰਜੀਵ ਚਾਵਲਾ ਨੂੰ ਭਾਰਤ ਲਿਆਉਣ ਵਿੱਚ ਦਿੱਲੀ ਪੁਲਿਸ ਨੂੰ ਵੱਡੀ ਸਫਲਤਾ ਹੱਥ ਲੱਗੀ ਹੈ। ਕ੍ਰਿਕਟਰ ਹੈਂਸੀ ਕ੍ਰੋਨੀਏ ਨਾਲ ਜੁੜੇ ਮੈਚ ਫਿਕਸਿੰਗ ਕੇਸ ਵਿੱਚ ਸੱਟੇਬਾਜ਼ ਸੰਜੀਵ ਚਾਵਲਾ ਨੂੰ ਲਿਆਉਣ ਲਈ ਦਿੱਲੀ ਪੁਲਿਸ ਦੀ ਟੀਮ ਲੰਡਨ ਵਿੱਚ ਰਸਮੀ ਕਾਰਵਾਈਆਂ ਪੂਰੀਆਂ ਕਰ ਚੁੱਕੀ ਸੀ। ਪਤਾ ਲੱਗਾ ਹੈ ਕਿ ਸੰਜੀਵ ਚਾਵਲਾ ਨੂੰ ਭਾਰਤ ਲਿਆਉਣ ਪਿੱਛੋਂ ਸਭ ਤੋਂ ਪਹਿਲਾਂ ਡਾਕਟਰੀ ਜਾਂਚ ਕੀਤੀ ਜਾਵੇਗੀ ਤੇ ਫਿਰ ਅਦਾਲਤ ਪੇਸ਼ ਕੀਤਾ ਜਾਵੇਗਾ। ਪੁਲਿਸ ਉਸ ਨੂੰ ਹਿਰਾਸਤ ਵਿੱਚ ਲੈ ਕੇ ਉਸ ਤੋਂ 19 ਸਾਲ ਪੁਰਾਣੇ ਮੈਚ ਫਿਕਸਿੰਗ ਦੇ ਕੇਸ ਵਿੱਚ ਪੁੱਛ-ਗਿੱਛ ਕਰੇਗੀ। ਭਾਰਤੀ ਮੂਲ ਦੇ ਬ੍ਰਿਟਿਸ਼ ਨਾਗਰਿਕ ਸੰਜੀਵ ਨੂੰ ਕਈ ਕਾਨੂੰਨੀ ਪ੍ਰਕਿਰਿਆਵਾਂ ਤੋਂ ਪਿੱਛੋਂ ਹਵਾਲਗੀ ਨਾਲ ਏਥੇ ਲਿਆਂਦਾ ਗਿਆ ਹੈ। ਦਿੱਲੀ ਪੁਲਿਸ ਦੀ ਕ੍ਰਾਈਮ ਬ੍ਰਾਂਚ ਦੇ ਡੀ ਸੀ ਪੀ ਰਾਮ ਗੋਪਾਲ ਨਾਇਕ ਦੀ ਟੀਮ ਇਸ ਕੇਸ ਦੀ ਜਾਂਚ ਕਰ ਰਹੀ ਹੈ ਤੇ ਵੀਰਵਾਰ ਸਵੇਰੇ ਸੰਜੀਵ ਨੂੰ ਲੈ ਕੇ ਦਿੱਲੀ ਦੇ ਇੰਦਰਾ ਗਾਂਧੀ ਏਅਰਪੋਰਟ ਪਹੁੰਚੀ ਹੈ।

## ਖਾੜਕੂ ਗਤੀਵਿਧੀਆਂ ਬਾਰੇ ਮੋਹਾਲੀ ਦੇ ਐਸ ਐਸ ਪੀ ਵੱਲੋਂ ਹਾਈ ਕੋਰਟ ਵਿੱਚ ਐਫੀਡੇਵਿਟ ਪੇਸ਼

ਮੋਹਾਲੀ, 13 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਖਾੜਕੂ ਗਤੀਵਿਧੀਆਂ ਵਿੱਚ ਨਾਮਜ਼ਦ 10 ਕਾਰਕੁਨਾਂ ਦੇ ਕੇਸ ਦੀ ਸੁਣਵਾਈ ਦੇ ਕੇਸ ਵਿੱਚ ਕੱਲ੍ਹ ਮੋਹਾਲੀ ਦੇ ਐਸ ਐਸ ਪੀ ਨੇ ਸਰਕਾਰੀ ਵਕੀਲ ਰਾਹੀਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਐਫੀਡੇਵਿਟ ਦਿੱਤਾ ਹੈ। ਇਸ ਵਿੱਚ ਜ਼ਿਲ੍ਹਾ ਪੁਲਸ ਮੁਖੀ ਨੇ ਕਿਹਾ ਕਿ ਖਾੜਕੂ ਗਤੀਵਿਧੀਆਂ ਦੇ ਕੇਸ ਦੀ ਸੁਣਵਾਈ ਮੁਹਾਲੀ ਅਦਾਲਤ ਵਿੱਚ ਚੱਲ ਰਹੀ ਹੈ ਤੇ ਜ਼ਿਲ੍ਹਾ ਪੁਲਸ ਤੇਜ਼ੀ ਨਾਲ ਕਾਰਵਾਈ ਕਰ ਰਹੀ ਹੈ। ਪੁਲਸ ਨੇ 27 ਸਰਕਾਰੀ ਗਵਾਹ ਬਣਾਏ ਹਨ, ਜਿਨ੍ਹਾਂ 'ਚੋਂ 24 ਗਵਾਹਾਂ ਦੇ ਬਿਆਨ ਹੋ ਚੁੱਕੇ ਹਨ ਅਤੇ ਬਾਕੀ ਦੇ ਬਿਆਨ ਜਲਦੀ ਹੋ ਜਾਣਗੇ। ਕੋਰਟ ਨੇ ਪੁਲਸ ਨੂੰ ਅਗਲੇ 30 ਦਿਨਾਂ ਦੇ ਅੰਦਰ ਸਾਰੀਆਂ ਗਵਾਹੀਆਂ ਭੁਗਤਾਉਣ ਦੀ ਰਦਾਇਤ ਕੀਤੀ ਹੈ। ਇਸ ਕੇਸ ਵਿੱਚ ਨਾਮਜ਼ਦ ਅੰਮ੍ਰਿਤਪਾਲ ਕੌਰ ਕੇਂਦਰੀ ਜੇਲ੍ਹ ਪਟਿਆਲਾ ਤੇ ਰਮਨਦੀਪ ਸਿੰਘ ਉਰਫ਼ ਸੰਨੀ ਬਠਿੰਡਾ ਜੇਲ੍ਹ ਵਿੱਚ ਬੰਦ ਹੈ, ਬਾਕੀ ਸਾਰੇ ਮੁਲਜ਼ਮ ਕੇਂਦਰੀ ਜੇਲ੍ਹ ਨਾਭਾ ਵਿੱਚ ਹਨ। ਇਨ੍ਹਾਂ 'ਚੋਂ ਤਰਸੇਮ ਸਿੰਘ ਜ਼ਮਾਨਤ ਉਤੇ ਹੈ ਤੇ ਸੁਖਪ੍ਰੀਤ ਸਿੰਘ ਦੀ ਨਾਭਾ ਜੇਲ੍ਹ ਵਿੱਚ ਮੌਤ ਹੋ ਚੁੱਕੀ ਹੈ। ਇੱਕ ਬਾਲ ਅਪਰਾਧੀ ਦਾ ਵੱਖਰਾ ਕੇਸ ਜੁਵੇਲਾਈਨ ਅਦਾਲਤ ਵਿੱਚ ਚੱਲਦਾ ਹੈ। ਇਨ੍ਹਾਂ ਦੇ ਖ਼ਿਲਾਫ਼ ਥਾਣਾ ਫੇਜ਼-1 ਵਿੱਚ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਅਤੇ ਅਸਲਾ ਐਕਟ ਦਾ ਕੇਸ ਦਰਜ ਹੈ।

## ਪਾਕਿ ਸਪਿਨਰ ਸ਼ਾਦਾਬ ਉੱਤੇ ਸਾਫੀਆ ਨੇ ਬਲੈਕਮੇਲ ਕਰਨ ਦਾ ਦੋਸ਼ ਲਾਇਆ

ਨਵੀਂ ਦਿੱਲੀ, 13 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦਾ ਸਪਿਨਰ ਸ਼ਾਦਾਬ ਖਾਨ ਨਵੇਂ ਵਿਵਾਦ ਵਿੱਚ ਫਸ ਗਿਆ ਹੈ। ਦੁਬਈ ਵਿੱਚ ਰਹਿਣ ਵਾਲੀ ਅਸ਼ਰੀਨਾ ਸਾਫੀਆ ਨੇ ਪੋਸਟ ਪਾ ਕੇ ਸ਼ਾਦਾਬ ਖਾਨ ਉਤੇ ਬਲੈਕਮੇਲ ਕਰਨ ਦੇ ਦੋਸ਼ ਲਾਏ ਹਨ। ਉਸ ਨੇ ਇੰਸਟਾਗ੍ਰਾਮ 'ਤੇ ਲਿਖਿਆ ਹੈ ਕਿ ਮੇਰੇ ਅਤੇ ਪਾਕਿਸਤਾਨੀ ਕ੍ਰਿਕਟਰ ਸ਼ਾਦਾਬ ਖਾਨ ਦੇ ਰਿਸ਼ਤਿਆਂ ਨੂੰ ਲੈ ਕੇ ਬਹੁਤ ਗੱਲਾਂ ਹੋਈਆਂ, ਜਿਨ੍ਹਾਂ ਨੂੰ ਮੈਂ ਇਗਨੌਰ ਕਰਦੀ ਰਹੀ ਸਾਂ, ਪਰ ਇਹ ਮੇਰੇ ਅਤੇ ਮੇਰੀ ਫੈਮਿਲੀ ਨੂੰ ਪ੍ਰਭਾਵਤ ਕਰਨ ਲੱਗੀਆਂ ਹਨ। ਅਸ਼ਰੀਨਾ ਨੇ ਕਿਹਾ, ਸ਼ਾਦਾਬ ਅਤੇ ਮੈਂ ਮਾਰਚ 2019 ਵਿੱਚ ਵਰਲਡ ਕੱਪ ਦੌਰਾਨ ਨੇੜੇ ਆਏ ਸੀ। ਮੈਂ ਉਸ ਨਾਲ ਸੀ ਪੀ ਐਲ ਗੁਆਨਾ ਬੰਗਲਾ ਦੇਸ਼ ਅਤੇ ਦੁਬਈ ਗਈ, ਜਿੱਥੇ ਉਹ ਹੋਰ ਲੜਕੀਆਂ ਨਾਲ ਨੇੜਤਾ ਰੱਖਦਾ ਗਿਆ। ਮੈਂ ਉਸ਼ ਦੇ ਨਾਲ ਸੀ ਕਿਉਂਕਿ ਮੈਨੂੰ ਲੱਗਾ ਕਿ ਉਹ ਮੇਰੇ ਨਾਲ ਰਹੇਗਾ।

ਜਦੋਂ ਸਾਡੀ ਕਹਾਣੀ ਇੱਕ ਪਾਕਿਸਤਾਨੀ ਪੱਤਰਕਾਰ ਨੇ ਛਾਪੀ ਤਾਂ ਸ਼ਾਦਾਬ ਨੇ ਵੱਖ-ਵੱਖ ਫੋਨ ਕਾਲਜ਼ ਕਰ ਕੇ ਮੈਨੂੰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਤੇ ਕਿਹਾ ਕਿ ਜੇ ਕੁਝ ਹੋਰ ਬੋਲੀ ਤਾਂ ਤੇਰੀਆਂ ਨਿੱਜੀ ਤਸਵੀਰਾਂ ਲੀਕ ਕਰ ਦਿਆਂਗਾ। ਇਸ ਬਾਰੇ ਅਸ਼ਰੀਨਾ ਨੇ ਕਿਹਾ ਕਿ



ਸ਼ਾਦਾਬ ਮੇਰੇ 'ਤੇ ਦਬਾਅ ਬਣਾ ਰਿਹਾ ਸੀ ਕਿ ਮੈਂ ਖੁਦ ਨੂੰ ਉਸ ਦੀ ਫੈਨ ਜਾਂ ਦੋਸਤ ਦੱਸਾਂ ਅਤੇ ਸਾਡੇ ਦੋਵਾਂ ਵਿਚਾਲੇ ਜੋ ਕੁਝ ਹੋਇਆ, ਉਸ ਬਾਰੇ ਕਿਸੇ ਨੂੰ ਕੁਝ ਨਾ ਦੱਸਾਂ। ਮੈਂ ਉਸ ਨੂੰ ਬਚਾਉਣਾ ਚਾਹੁੰਦੀ ਸੀ, ਇਸ ਲਈ ਮੈਂ ਕਈ ਵਾਰ ਇਸ ਤਰ੍ਹਾਂ ਕੀਤਾ, ਪਰ ਆਖਰ ਹੱਦ ਹੋ ਗਈ। ਇੱਕ ਲੜਕਾ, ਜੋ ਤੁਹਾਡੇ ਨਾਲ ਪੂਰੇ ਸਾਲ ਨੇੜਤਾ ਵਾਲਾ ਰਿਸ਼ਤਾ ਰੱਖਦਾ ਹੈ, ਅਚਾਨਕ ਅਨੋਖਾ ਵਿਹਾਰ ਕਰੇ ਤਾਂ ਪਰੇਸ਼ਾਨੀ ਹੋਣੀ ਸੁਭਾਵਿਕ ਹੈ। ਅਸ਼ਰੀਨਾ ਨੇ ਦੋਸ਼ ਲਾਇਆ ਕਿ ਸ਼ਾਦਾਬ ਉਸ ਨੂੰ ਇੰਨਾ ਬਲੈਕਮੇਲ ਕਰ ਰਿਹਾ ਸੀ ਕਿ ਬੀਤੇ ਦਿਨੀਂ ਉਸ ਨੇ ਇੱਕ ਧਾਰਮਿਕ ਸਥਾਨ ਨੂੰ ਉਸ ਦੀਆਂ ਨਿੱਜੀ ਤਸਵੀਰਾਂ ਭੇਜ ਦਿੱਤੀਆਂ ਸਨ। ਅਸ਼ਰੀਨਾ ਨੇ ਲਿਖਿਆ, ਏਦਾਂ ਦੀਆਂ ਬਹੁਤ ਸਾਰੀਆਂ ਗੱਲਾਂ ਹਨ, ਜੋ ਅਸੀਂ ਦੋਵੇਂ ਸਮਝ ਸਕਦੇ ਸੀ। ਸਾਡੀ ਪ੍ਰਾਈਵੇਸੀ ਇਸ ਤਰ੍ਹਾਂ ਪਬਲਿਕ ਵਿੱਚ ਨਹੀਂ ਆਉਣੀ ਚਾਹੀਦੀ ਸੀ। ਮੈਨੂੰ ਭਰੋਸਾ ਨਹੀਂ ਹੈ ਕਿ ਮੇਰੀਆਂ ਏਦਾਂ ਦੀਆਂ ਤਸਵੀਰਾਂ ਮੇਰੇ ਅਕਸ ਨੂੰ ਇੰਨਾ ਨੁਕਸਾਨ ਕਰਨਗੀਆਂ, ਕਿਉਂਕਿ ਮੈਂ ਕਦੇ ਵੀ ਸ਼ਾਦਾਬ ਨਾਲ ਏਦਾਂ ਦਾ ਕੁਝ ਨਹੀਂ ਕੀਤਾ। ਮੇਰਾ ਅੱਲ੍ਹਾ ਜਾਣਦਾ ਹੈ। ਉਸ ਨੂੰ ਪਤਾ ਹੈ ਕਿ ਮੇਰੇ ਦਿਲ ਵਿੱਚ ਕੀ ਹੈ। ਮੈਂ ਇਸ ਮਾਮਲੇ 'ਤੇ ਨਹੀਂ ਬੋਲਣਾ ਚਾਹੁੰਦੀ। ਇਹ ਮੇਰੀ ਆਖਰੀ ਸਟੇਟਮੈਂਟ ਹੈ। ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਮਨੁੱਖ ਵੀ ਹਾਂ।






# ਫਿਲਪੀਨ-ਅਮਰੀਕਾ ਵਿਚਾਲੇ ਫੌਜੀ ਸਮਝੌਤਾ ਹੋਇਆ ਖ਼ਤਮ

ਮਨੀਲਾ, 13 ਫਰਵਰੀ (ਪੋਸਟ ਬਿਊਰੋ)- ਫਿਲਪੀਨ ਦੇ ਰਾਸ਼ਟਰਪਤੀ ਰੋਡ੍ਰਿਗੋ ਦੁਤੇਰਤੇ ਨੇ ਕੱਲ੍ਹ ਅਮਰੀਕਾ ਨਾਲ ਕਰੀਬ ਦੋ ਦਹਾਕੇ ਪੁਰਾਣੇ ਫੌਜੀ ਸਮਝੌਤੇ ਵਿਜ਼ਿਟਿੰਗ ਫੋਰਸਿਜ਼ ਐਗਰੀਮੈਂਟ (ਵੀ ਐਫ ਏ) ਨੂੰ ਖ਼ਤਮ ਕਰਨ ਦਾ ਐਲਾਨ ਕੀਤਾ ਹੈ। ਇਸ ਫ਼ੈਸਲੇ ਨੂੰ ਏਸ਼ੀਆ-ਪ੍ਰਸ਼ਾਂਤ ਖੇਤਰ 'ਚ ਵੱਧਦੇ ਚੀਨ ਦੇ ਪ੍ਰਭਾਵ ਨਾਲ ਨਜਿੱਠਣ ਦੀਆਂ ਅਮਰੀਕੀ ਕੋਸ਼ਿਸ਼ਾਂ ਲਈ ਇੱਕ ਬਹੁਤ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।

ਵਾਸ਼ਿੰਗਟਨ 'ਚ ਅਮਰੀਕੀ ਰੱਖਿਆ ਮੰਤਰੀ ਮਾਰਕ ਐਸਪਰ ਨੇ ਦੂਤੇਰਤੇ ਦੇ ਇਸ ਐਲਾਨ ਨੂੰ ਮੰਦਭਾਗਾ ਦੱਸਿਆ। ਉਨ੍ਹਾਂ ਕਿਹਾ ਕਿ ਇਹ ਅਜਿਹੇ ਸਮੇਂ ਗਲਤ ਦਿਸ਼ਾ 'ਚ ਚੁੱਕਿਆ ਗਿਆ ਕਦਮ ਹੈ, ਜਦੋਂ ਅਮਰੀਕਾ ਅਤੇ ਉਸ ਦੇ ਸਹਿਯੋਗੀ ਏਸ਼ੀਆ 'ਚ ਅੰਤਰਰਾਸ਼ਟਰੀ ਨਿਯਮਾਂ ਦੀ ਪਾਲਣਾ ਲਈ ਚੀਨ ਉੱਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸਾਲ 1998 ਵਿੱਚ ਹੋਏ ਵੀ ਐਫ ਏ ਸਮਝੌਤੇ ਹੇਠ ਅਮਰੀਕੀ ਫ਼ੌਜੀ ਟੁਕੜੀਆਂ ਨੂੰ ਫਲੀਪੀਂਸ 'ਚ ਕਿਤੇ ਵੀ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ। ਇਹ ਟੁਕੜੀਆਂ ਦੇਸ਼ 'ਚ ਮਨੁੱਖੀ ਅਧਿਕਾਰ ਆਪ੍ਰੇਸ਼ਨ ਤੇ ਫ਼ੌਜੀ ਅਭਿਆਸ ਕਰਦੀਆਂ ਰਹੀਆਂ ਹਨ। ਰਾਸ਼ਟਰਪਤੀ ਦੁਤੇਰਤੇ ਦੇ ਬੁਲਾਰੇ ਸਲਵਾਡੋਰ ਪੈਨਲੋ ਨੇ ਕਿਹਾ ਕਿ ਸਾਡੀ ਪ੍ਰਭੂਸੱਤਾ 'ਤੇ ਹਮਲਾ ਅਤੇ ਜੁਡੀਸ਼ਲ ਪ੍ਰਣਾਲੀ ਦਾ ਅਪਮਾਨ ਕਰਨ ਬਦਲੇ ਅਸੀਂ ਸਮਝੌਤਾ ਖ਼ਤਮ ਕਰਨ ਫ਼ੈਸਲਾ ਕੀਤਾ ਹੈ। ਇਸ ਨਾਲ ਫਿਲਪੀਨ ਹੋਰਨਾਂ ਦੇਸ਼ਾਂ ਨਾਲ ਰਿਸ਼ਤੇ ਬਣਾਉਣ ਲਈ ਸੁਤੰਤਰ ਰੂਪ ਨਾਲ ਕੰਮ ਕਰ ਸਕੇਗਾ।

# ਅਮਰੀਕੀ ਰਾਸ਼ਟਰਪਤੀ ਦਾ ਨਵਾਂ ਫੈਸਲਾ ਪ੍ਰਵਾਸੀਆਂ ਲਈ ਮੁਸ਼ਕਲ ਵਾਲਾ

ਸਾਨ ਫਰਾਂਸਿਸਕੋ, 13 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਾਸ਼ਟਰਪਤੀ ਚੋਣ ਇੱਕ ਨਾਅਰੇ 'ਅਮਰੀਕਾ, ਅਮਰੀਕੀਆਂ ਲਈ' ਦੇ ਆਧਾਰ ਉੱਤੇ ਜਿੱਤੀ ਸੀ। ਉਸ ਤੋਂ ਲੱਗਦਾ ਸੀ ਕਿ ਰਾਸ਼ਟਰਪਤੀ ਟਰੰਪ ਦੀਆਂ ਨੀਤੀਆਂ ਪਰਵਾਸੀਆਂ ਦੇ ਵਿਰੁੱਧ ਜਾਣਗੀਆਂ, ਜੋ ਸੱਚ ਸਾਬਤ ਹੋ ਰਹੀਆਂ ਹਨ। ਉਨ੍ਹਾ ਨੇ ਨਵਾਂ ਫੈਸਲਾ ਲਿਆ ਹੈ ਕਿ ਕੋਈ ਵੀ ਦੋ ਮੈਂਬਰਾਂ ਵਾਲੇ ਪਰਵਾਸੀ ਪਰਵਾਰ, ਜਿਨ੍ਹਾਂ ਦੀ ਸਾਲਾਨਾ ਆਮਦਨ ਸਾਲਾਨਾ 41 ਹਜ਼ਾਰ ਡਾਲਰ ਤੋਂ ਘੱਟ ਹੋਵੇ, ਆਪਣੇ ਇਮੀਗਰੇਸ਼ਨ ਲਾਭ ਲੈ ਕੇ ਆਪਣੇ ਮਾਤਾ-ਪਿਤਾ ਨੂੰ ਅਮਰੀਕਾ ਨਹੀਂ ਬੁਲਾ ਸਕਣਗੇ।



ਇਸ ਬਾਰੇ ਅਮਰੀਕਾ ਦੀ ਸੁਪਰੀਮ ਕੋਰਟ ਵੱਲੋਂ ਨੌਂ ਜੱਜਾਂ ਦੇ ਬੈਂਚ ਨੇ ਪੰਜ-ਚਾਰ ਦੇ ਫਰਕ ਨਾਲ ਫੈਸਲਾ ਦਿੱਤਾ ਹੈ, ਜਿਸ ਦੇ ਮੁਤਾਬਕ ਇਲੀਨੋਇਸ ਨੂੰ ਛੱਡ ਕੇ ਸਾਰੇ ਅਮਰੀਕਾ ਵਿੱਚ ਇਹ ਨਿਯਮ ਲਾਗੂ ਹੋ ਗਿਆ ਹੈ। ਇੱਕ ਪੰਜਾਬੀ ਅਖਬਾਰ ਵਿੱਚ ਗੁਰਜਤਿੰਦਰ ਸਿੰਘ ਰੰਧਾਵਾ ਨੇ ਲੰਮਾ ਲੇਖ ਲਿਖ ਕੇ ਇਸ ਫੈਸਲੇ ਨੂੰ ਪਰਵਾਸੀਆਂ, ਵਿਸ਼ੇਸ਼ ਕਰ ਕੇ ਭਾਰਤੀ ਮੂਲ ਵਾਲਿਆਂ ਲਈ ਚਿੰਤਾ ਜਨਕ ਦੱਸਿਆ ਹੈ। ਅਮਰੀਕਾ ਪ੍ਰਸ਼ਾਸਨ ਨੇ ਜੋ ਅੰਕੜੇ ਦਿੱਤੇ ਹਨ ਉਸ ਮੁਤਾਬਕ ਸੱਤ ਫੀਸਦੀ ਭਾਰਤੀ ਅਮਰੀਕੀ ਪੱਧਰ ਦੀ ਗਰੀਬੀ ਤੋਂ ਹੇਠਲੇ ਪੱਧਰ ਦਾ ਜੀਵਨ ਕੱਟ ਰਹੇ ਹਨ। ਇਸ ਨਿਯਮ ਦਾ ਅਸਰ ਸਿੱਧੇ ਉਨ੍ਹਾਂ ਉੱਤੇ ਪਵੇਗਾ। ਇਸ ਨਿਯਮ ਮੁਤਾਬਕ ਜਦੋਂ ਇਹ ਲਾਗੂ ਹੋ ਜਾਏਗਾ ਤਾਂ ਆਰਥਿਕ ਮੰਦਹਾਲੀ ਵਿੱਚ ਜੀਵਨ ਬਤੀਤ ਕਰ ਰਹੇ ਘੱਟ ਆਮਦਨੀ ਵਾਲੇ ਪਰਵਾਸੀਆਂ ਦੀਆਂ ਸਿਹਤ ਅਤੇ ਵਿਦਿਅਕ ਸਹੂਲਤਾਂ ਖਤਮ ਹੋ ਗਈਆਂ ਤਾਂ ਇਨ੍ਹਾਂ ਦੀ ਹਾਲਤ ਹੋਰ ਨਿੱਘਰ ਜਾਵੇਗੀ। ਇਸ ਫੈਸਲੇ ਨਾਲ ਜੋ ਹੋਰ ਮਾਰੂ ਅਸਰ ਪੈਣਾ ਹੈ ਕਿ ਲੱਖਾਂ ਦੀ ਗਿਣਤੀ ਵਿੱਚ ਅਜਿਹੇ ਬਜ਼ੁਰਗਾਂ ਦਾ ਆਪਣੇ ਅਮਰੀਕਾ ਵਸਦੇ ਬੱਚਿਆਂ ਕੋਲ ਜਾ ਕੇ ਦਿਨ ਕੱਟਣ ਦਾ ਸੁਫਨਾ ਵੀ ਚਕਨਾਚੂਰ ਹੋ ਜਾਵੇਗਾ। ਘੱਟ ਆਮਦਨ ਵਾਲੇ ਪਰਵਾਸੀ ਕਦੇ ਵੀ ਆਪਣੇ ਬਜ਼ੁਰਗ ਮਾਤਾ-ਪਿਤਾ ਨੂੰ ਹੁਣ ਅਮਰੀਕਾ ਆਉਣ 'ਤੇ ਵੀ ਪਾਬੰਦੀ ਲਾ ਦਿੱਤੀ ਹੈ। ਪਹਿਲਾਂ ਜਦੋਂ ਕਿਸੇ ਗਰਭਵਤੀ ਔਰਤ ਦਾ ਬੱਚਾ ਅਮਰੀਕਾ ਵਿੱਚ ਜਨਮ ਲੈਂਦਾ ਸੀ, ਉਹ ਅਮਰੀਕਾ ਦਾ ਨਾਗਰਿਕ ਗਿਣਿਆ ਜਾਂਦਾ ਸੀ ਭਾਵੇਂ ਉਹ ਕਿਸੇ ਦੇਸ਼ ਦੀਆਂ ਔਰਤਾਂ ਕਿਉਂ ਨਾ ਹੋਣ। ਰਾਸ਼ਟਰਪਤੀ ਟਰੰਪ ਟੈਕਸ ਦੇਣ ਵਾਲਿਆਂ ਦੀਆਂ ਭਾਵਨਾਵਾਂ ਨੂੰ ਫੈਲਾ ਕੇ ਸਮਾਜਕ ਵੰਡ ਵਾਲੀ ਯੋਜਨਾ ਨੂੰ ਅੱਗੇ ਵਧਾਉਣ ਦਾ ਯਤਨ ਕਰ ਰਿਹਾ ਹੈ। ਚਿੰਤਕਾਂ ਦਾ ਕਹਿਣਾ ਹੈ ਕਿ ਲੋੜ ਇਹ ਸੀ ਕਿ ਅਮਰੀਕਾ ਵਰਗੇ ਵਿਕਸਿਤ ਦੇਸ਼ ਵਿੱਚ ਆਰਥਿਕ ਨਾਬਰਾਬਰੀ ਦੂਰ ਕੀਤੀ ਜਾਵੇ ਤੇ ਕਮਜ਼ੋਰਾਂ ਨੂੰ ਹੋਰ ਮਦਦ ਦੇ ਕੇ ਆਰਥਿਕ ਪੱਖੋਂ ਉੱਚੇ ਚੁੱਕਿਆ ਜਾਵੇ, ਪਰ ਰਾਸ਼ਟਰਪਤੀ ਡੋਨ-ਾਲਡ ਟਰੰਪ ਦਾ ਪ੍ਰਸ਼ਾਸਨ ਇਨਸਾਨੀ ਸ਼ਾਨ ਦੀ ਭਾਵਨਾ ਦੇ ਉਲਟ ਹੈ ਅਤੇ ਉਹ ਜਮਹੂਰੀ ਕਦਰਾਂ ਦੀ ਉਲੰਘਣਾ ਕਰਨ ਵਾਲਾ ਸਮਝਿਆ ਜਾਵੇਗਾ।

## 'ਹੁਸਨਾ' ਦੀ ਬਜਾਏ 'ਹੁਸਨ' ਨੂੰ ਜੇਲ੍ਹ ਵਿੱਚ ਸੁੱਟਣ ਬਦਲੇ ਪੰਜ ਲੱਖ ਰੁਪਏ ਦੇ ਮੁਆਵਜ਼ੇ ਦਾ ਆਦੇਸ਼

ਇੰਦੌਰ, 13 ਫਰਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਹਾਈ ਕੋਰਟ ਨੇ ਰਾਜ ਸਰਕਾਰ ਨੂੰ ਆਦੇਸ਼ ਦਿੱਤਾ ਹੈ ਕਿ 68 ਸਾਲਾ ਵਿਅਕਤੀ ਨੂੰ ਪੰਜ ਲੱਖ ਰੁਪਏ ਮੁਆਵਜ਼ਾ ਅਦਾ ਕੀਤਾ ਜਾਵੇ। ਨਾਮ ਦੀ ਗਲਤੀ ਨਾਲ ਇਸ ਬੇਕਸੂਰ ਬਜ਼ੁਰਗ ਨੂੰ ਹੱਤਿਆ ਕਾਂਡ ਵਿੱਚ ਉਮਰ ਕੈਦ ਦੀ ਸਜ਼ਾ ਪਾਉਣ ਵਾਲੇ ਉਸ ਵਿਅਕਤੀ ਦੀ ਥਾਂ ਚਾਰ ਮਹੀਨੇ ਤੱਕ ਜੇਲ੍ਹ ਵਿੱਚ ਬੰਦ ਰੱਖਿਆ ਗਿਆ ਜਿਸ ਦੀ ਪੈਰੋਲ ਉੱਤੇ ਛੁੱਟਣ ਪਿੱਛੋਂ ਸਾਢੇ ਤਿੰਨ ਸਾਲ ਪਹਿਲਾਂ ਮੌਤ ਹੋ ਚੁੱਕੀ ਹੈ।

ਜਸਟਿਸ ਐਸ ਸੀ ਸ਼ਰਮਾ ਅਤੇ ਜਸਟਿਸ ਸ਼ੈਲੇਂਦਰ ਸ਼ੁਕਲਾ ਨੇ ਧਾਰ ਜ਼ਿਲ੍ਹੇ ਦੇ ਹੁਸਨ (68) ਦੇ ਬੇਟੇ ਕਮਲੇਸ਼ ਦੀ ਬੰਦੀ ਪੇਸ਼ ਕਰਤਾ ਪਟੀਸ਼ਨ ਮੰਜ਼ੂਰ ਕਰਦੇ ਹੋਏ ਕੱਲ੍ਹ ਇਹ ਫ਼ੈਸਲਾ ਸੁਣਾਇਆ। ਧਾਰ ਜ਼ਿਲ੍ਹੇ ਦੇ ਇੱਕ ਕਤਲ ਕੇਸ ਵਿੱਚ ਸੈਸ਼ਨ ਕੋਰਟ ਨੇ 'ਹੁਸਨਾ' ਨਾਮ ਦੇ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਕੀਤੀ ਸੀ। ਜੇਲ੍ਹ ਤੋਂ ਪੈਰੋਲ ਉਤੇ ਛੁੱਟਣ ਪਿੱਛੋਂ 10 ਦਸੰਬਰ 2016 ਨੂੰ ਉਸ ਦੀ ਮੌਤ ਹੋ ਗਈ। ਜਦੋਂ ਇਹ ਕੈਦੀ ਪੈਰੋਲ ਦੀ ਮਿਆਦ ਮੁੱਕਣ ਦੇ ਬਾਵਜੂਦ ਜੇਲ੍ਹ ਨਹੀਂ ਆਇਆ ਤਾਂ ਉਸ ਦੇ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ। ਪੁਲਸ ਨੇ ਮਿਲਦੇ ਨਾਮ ਦੀ ਗਲਤੀ ਨਾਲ 'ਹੁਸਨਾ' ਦੇ ਬਜਾਏ 'ਹੁਸਨ' ਨੂੰ ਗ੍ਰਿਫ਼ਤਾਰ ਕਰ ਕੇ 18 ਅਕਤੂਬਰ 2019 ਨੂੰ ਕੇਂਦਰੀ ਜੇਲ੍ਹ ਇੰਦੌਰ ਭੇਜ ਦਿੱਤਾ ਸੀ। ਕਬੀਲੇ ਨਾਲ ਸੰਬੰਧ ਰੱਖਣ ਵਾਲਾ ਇਹ 68 ਸਾਲ ਸ਼ਖ਼ਸ ਪੜ੍ਹ-ਲਿਖ ਨਹੀਂ ਸਕਦਾ ਅਤੇ ਉਸਦੇ ਬੇਕਸੂਰ ਹੋਣ ਦੀ ਲੱਖ ਦੁਹਾਈ ਦੇਣ ਦੇ ਬਾਵਜੂਦ ਪੁਲਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਹਾਈ ਕੋਰਟ ਦੀ ਬੈਂਚ ਨੇ ਇਸ ਵੱਡੀ ਲਾਪਰਵਾਹੀ 'ਤੇ ਗਹਿਰੀ ਨਾਰਾਜ਼ਗੀ ਜਤਾਉਂਦੇ ਹੋਏ ਆਦੇਸ਼ ਦਿੱਤਾ ਕਿ ਨਿਰਦੋਸ਼ ਹੁਸਨ ਨੂੰ ਫੌਰਨ ਜੇਲ੍ਹ ਤੋਂ ਰਿਹਾ ਕੀਤਾ ਜਾਵੇ। ਬੈਂਚ ਨੇ ਪੁਲਸ ਦੇ ਇੱਕ ਸਬ ਡਵੀਜ਼ਨਲ ਪੁਲਸ ਅਫਸਰ (ਐਸ ਡੀ ਓ ਪੀ) ਦੇ ਖ਼ਿਲਾਫ਼ ਅਦਾਲਤ ਦੀ ਮਾਣਹਾਨੀ ਦਾ ਕੇਸ ਦਰਜ ਕਰਨ ਦਾ ਆਦੇਸ਼ ਵੀ ਦਿੱਤਾ। ਇਸ ਅਧਿਕਾਰੀ ਨੇ ਇਸ ਕੇਸ ਵਿੱਚ ਅਦਾਲਤ ਨੂੰ ਐਫੀਡੇਵਿਟ ਵਿੱਚ ਗਲਤ ਜਾਣਕਾਰੀ ਦਿੱਤੀ ਸੀ।

# ਤਾਲਿਬਾਨ ਦਾ ਅਮਰੀਕਾ ਨਾਲ ਸ਼ਾਂਤੀ ਸਮਝੌਤਾ ਛੇਤੀ ਹੋ ਸਕਦੈ

ਕਾਬੁਲ, 13 ਫਰਵਰੀ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੱਤਵਾਦੀ ਸੰਗਠਨ ਤਾਲਿਬਾਨ ਦੇ ਨਾਲ ਸ਼ਾਂਤੀ ਸਮਝੌਤੇ ਨੂੰ ਸ਼ਰਤਾਂ ਦੀ ਮਨਜ਼ੂਰੀ ਦੇ ਦਿੱਤੀ ਹੈ, ਪਰੰਤੂ ਇਸ ਉੱਤੇ ਹਸਤਾਖਰ ਤਦ ਕੀਤੇ ਜਾਣਗੇ, ਜਦ ਤਾਲਿਬਾਨ ਇਸ ਮਹੀਨੇ ਦੇ ਆਖਰੀ ਸੱਤ ਦਿਨਾਂ ਵਿਚ ਹਿੰਸਾ ਵਿੱਚ ਕਮੀ ਦੀ ਵਚਨਬੱਧਤਾ ਸਾਬਿਤ ਕਰੇਗਾ। ਤਾਲਿਬਾਨ ਜੇ ਸਮਝੌਤੇ 'ਤੇ ਹਸਤਾਖਰ ਕਰਦਾ ਹੈ ਤਾਂ ਅਮਰੀਕਾ ਅਫਗਾਨਿਸਤਾਨ ਵਿੱਚ ਮੌਜੂਦ ਆਪਣੇ ਫੌਜੀ ਵਾਪਸ ਬੁਲਾਉਣ ਦਾ ਕੰਮ ਸ਼ੁਰੂ ਕਰ ਦੇਵੇਗਾ ਅਤੇ ਅਫਗਾਨਿਸਤਾਨ ਦੇ ਭਵਿੱਖ ਬਾਰੇ ਤਾਲਿਬਾਨ ਅਤੇ ਅਫਗਾਨ ਸਰਕਾਰ ਦੀ ਗੱਲਬਾਤ ਹੋ ਸਕੇਗੀ। ਤਾਲਿਬਾਨ ਅਮਰੀਕੀ ਫੌਜ ਦੇ ਦੇਸ਼ ਛੱਡਣ ਪਿੱਛੋਂ ਹੀ ਅਫਗਾਨ ਸਰਕਾਰ ਨਾਲ ਗੱਲਬਾਤ ਕਰਨਾ ਚਾਹੁੰਦਾ ਹੈ।

ਅਫਗਾਨਿਸਤਾਨ ਸਰਕਾਰ ਦੇ ਸੀਨੀਅਰ ਅਧਿਕਾਰੀ ਨੇ ਫੋਨ 'ਤੇ ਦੱਸਿਆ ਕਿ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਅਫਗਾਨਿਸਤਾਨ ਦੇ ਚੋਟੀ ਦੇ ਨੇਤਾਵਾਂ ਨੂੰ ਅਲੱਗ ਅਲੱਗ ਫੋਨ ਕਰ ਕੇ ਟਰੰਪ ਵੱਲੋਂ ਸਮਝੌਤੇ ਦੀ ਸ਼ਰਤਾਂ ਤਹਿਤ ਮਨਜ਼ੂਰੀ ਦੇਣ ਦੀ ਜਾਣਕਾਰੀ ਦਿੱਤੀ। ਇੱਕ ਉਚ ਅਮਰੀਕੀ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਟਰੰਪ ਨੇ ਸੋਮਵਾਰ ਨੂੰ ਸਮਝੌਤੇ ਨੂੰ ਮਨਜ਼ੂਰੀ ਦਿੱਤੀ ਸੀ। ਟਰੰਪ ਸੋਮਵਾਰ ਅਫਗਾਨਿਸਤਾਨ ਵਿੱਚ ਇੱਕ ਹਮਲੇ ਵਿੱਚ ਮਾਰੇ ਗਏ ਦੋ ਅਮਰੀਕੀ ਫੌਜੀਆਂ ਨੂੰ ਸ਼ਰਧਾਂਜਲੀ ਦੇਣ ਡੋਵਰ ਏਅਰਫੋਰਸ ਬੇਸ ਗਏ ਸਨ। ਅਮਰੀਕਾ ਦੇ ਇੱਕ ਡਿਪਲੋਮੈਟ ਮੁਤਾਬਕ ਸਿਧਾਂਤਕ ਤੌਰ 'ਤੇ ਇਸ ਸਮਝੌਤੇ 'ਤੇ ਸਹਿਮਤੀ ਹੋ ਗਈ ਹੈ, ਪਰ ਅੰਤਮ ਸਮਝੌਤਾ ਕੁਝ ਦਿਨਾਂ ਵਿੱਚ ਸਾਹਮਣੇ ਆਵੇਗਾ। ਤਾਲਿਬਾਨ ਨੇ ਵੀ ਸਮਝੌਤੇ ਦੇ ਪੱਖ ਵਿੱਚ ਹਾਂ-ਪੱਖੀ ਕਦਮਾਂ ਦੀ ਜਾਣਕਾਰੀ ਦਿੱਤੀ ਹੈ, ਪਰ ਗੱਲਬਾਤ ਚੱਲਣ ਦਾ ਹਵਾਲਾ ਦਿੰਦੇ ਹੋਏ ਕੁਝ ਹੋਰ ਦੱਸਣ ਤੋਂ ਇਨਕਾਰ ਕਰ ਦਿੱਤਾ ਹੈ। ਇੱਕ ਸਾਲ ਦੀ ਗੱਲਬਾਤ ਦੇ ਬਾਅਦ ਤਾਲਿਬਾਨ ਅਤੇ ਅਮਰੀਕਾ ਪਿਛਲੇ ਸਾਲ ਸਤੰਬਰ ਵਿੱਚ ਵੀ ਸਮਝਤੇ ਦੇ ਨੇੜੇ ਪਹੁੰਚ ਗਏ ਸਨ, ਪਰ ਇੱਕ ਹਮਲੇ ਵਿੱਚ ਅਮਰੀਕੀ ਫੌਜੀ ਅਤੇ ਕੁਝ ਅਫਗਾਨਿਤਸਾਨ ਫੌਜੀਆਂ ਦੇ ਮਾਰੇ ਜਾਣ ਦੇ ਬਾਅਦ ਟਰੰਪ ਨੇ ਗੱਲਬਾਤ ਟਾਲ ਦਿੱਤੀ ਸੀ। ਵਿਦੇਸ਼ ਮੰਤਰੀ ਪੋਂਪੀਓ ਨਾਲ ਫੋਨ 'ਤੇ ਗੱਲਬਾਤ ਦੇ ਬਾਅਦ ਅਫਗਾਨ ਰਾਸ਼ਟਰਪਤੀ ਅਸ਼ਰਫ ਗਨੀ ਨੇ ਕਿਹਾ, ਇਸ ਗੱਲ ਤੋਂ ਖੁਸ਼ ਹਾਂ ਕਿ ਸਾਡੀ ਸ਼ਾਂਤ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਸਾਹਮਣੇ ਆਉਣ ਲੱਗੇ ਹਨ। ਸਮਝੌਤੇ ਦਾ ਮੁੱਢਲਾ ਮਕਸਦ ਖੂਨ-ਖਰਾਬੇ ਨੂੰ ਰੋਕਣਾ ਹੈ।

## ਜੈਸ਼ ਦੇ ਚਾਰ ਕਾਰਕੁਨਾਂ ਖਿਲਾਫ਼ ਚਾਰਜਸ਼ੀਟ ਦਾਇਰ

ਨਵੀਂ ਦਿੱਲੀ, 13 ਫਰਵਰੀ (ਪੋਸਟ ਬਿਊਰੋ)- ਪੁਲਵਾਮਾ ਹਮਲੇ ਦੇ ਮਾਸਟਰਮਾਈਂਡ ਦੇ ਚਾਰ ਸਾਥੀਆਂ, ਜੋ ਜੈਸ਼-ਏ-ਮੁਹੰਮਦ ਨਾਲ ਸਬੰਧਤ ਹਨ, ਖ਼ਿਲਾਫ਼ ਐੱਨਆਈਏ ਨੇ ਦੇਸ਼ ਭਰ ਵਿੱਚ ਦਹਿਸ਼ਤੀ ਕਾਰਵਾਈਆਂ ਦੀ ਸਾਜ਼ਿਸ਼ ਘੜਨ ਦੇ ਕੇਸ ਸਬੰਧੀ ਅੱਜ ਸਪਲੀਮੈਂਟਰੀ ਚਾਰਜਸ਼ੀਟ ਦਾਇਰ ਕੀਤੀ ਹੈ। ਐੱਨਆਈਏ ਨੇ ਪਿਛਲੇ ਵਰ੍ਹੇ ਸਤੰਬਰ ਵਿੱਚ ਚਾਰਜਸ਼ੀਟ ਦਾਇਰ ਕਰਕੇ ਦਾਅਵਾ ਕੀਤਾ ਸੀ ਕਿ ਪੁਲਵਾਮਾ ਹਮਲੇ ਦੇ ਮਾਸਟਰਮਾਈਂਡ ਮੁਦਾਸਿਰ ਅਹਿਮਦ ਖਾਨ ਦੇ ਸਾਥੀ ਸਾਜਿਦ ਅਹਿਮਦ ਖਾਨ, ਜੋ ਜੈਸ਼ ਨਾਲ ਸਬੰਧਤ ਹੈ, ਵਲੋਂ ਦੇਸ਼ ਵਿੱਚ ਦਹਿਸ਼ਤੀ ਕਾਰਵਾਈਆਂ ਦੀ ਸਾਜ਼ਿਸ਼ ਘੜੀ ਜਾ ਰਹੀ ਸੀ। ਏਜੰਸੀ ਵਲੋਂ ਸਾਜਿਦ ਅਹਿਮਦ ਖਾਨ (27), ਬਿਲਾਲ ਅਹਿਮਦ ਮੀਰ (23), ਇਸ਼ਫ਼ਾਕ ਅਹਿਮਦ ਭੱਟ (24) ਅਤੇ ਮੇਹਰਾਜ-ਉਦ-ਦੀਨ ਛੋਪਨ (22) ਸਾਰੇ ਵਾਸੀ ਪੁਲਵਾਮਾ (ਜੰਮੂ ਕਸ਼ਮੀਰ) ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਗਈ ਹੈ। ਐੱਨਆਈਏ ਨੇ ਕਿਹਾ ਕਿ ਇਨ੍ਹਾਂ ਵਲੋਂ ਦਹਿਸ਼ਤੀ ਹਮਲੇ ਕਰਨ ਕਰਨ ਦੀ ਯੋਜਨਾ ਬਣਾਈ ਜਾ ਰਹੀ ਸੀ ਅਤੇ ਜੈਸ਼ ਦੀਆਂ ਗਤੀਵਿਧੀਆਂ ਦਾ ਪ੍ਰਚਾਰ ਕੀਤਾ ਜਾ ਰਿਹਾ ਸੀ।

# ਬ੍ਰਿਟੇਨ ਦੀ ਮਹਾਰਾਣੀ ਦੇ ਪੋਤੇ ਵੱਲੋਂ ਤਲਾਕ ਲੈਣ ਦਾ ਫ਼ੈਸਲਾ



ਲੰਡਨ, 13 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਮਹਾਰਾਣੀ ਐਲੀਜ਼ਾਬੇਥ ਦੇ ਪੋਤੇ ਫਿਲਿਪਸ (42) ਅਤੇ ਉਨ੍ਹਾਂ ਦੀ ਕੈਨੇਡੀਅਨ ਪਤਨੀ ਓਟਮ ਕੇਲੀ (41) ਨੇ ਵਿਆਹ ਦੇ 12 ਸਾਲ ਬਾਅਦ ਤਲਾਕ ਲੈਣ ਦਾ ਫ਼ੈਸਲਾ ਲਿਆ ਹੈ।

ਸ਼ਾਹੀ ਜੋੜੇ ਨੇ ਇੱਕ ਬਿਆਨ 'ਚ ਕਿਹਾ ਕਿ ਬ੍ਰਿਟਿਸ਼ ਰਾਜੇ ਦੇ ਅੱਠ ਬੇਟਿਆਂ ਵਿੱਚੋਂ ਸਭ ਤੋਂ ਵੱਡੇ ਫਿਲਿਪਸ ਅਤੇ ਓਟਮ ਇਸ ਫ਼ੈਸਲੇ ਦੀ ਸੂਚਨਾ ਮਹਾਰਾਣੀ ਅਤੇ ਪਰਵਾਰ ਨੂੰ ਪਿਛਲੇ ਸਾਲ ਦੇ ਚੁੱਕੇ ਹਨ। ਦੋਵਾਂ ਦਾ ਵਿਆਹ 2008 ਵਿੱਚ ਹੋਇਆ ਸੀ ਤੇ ਉਨ੍ਹਾਂ ਦੇ ਦੋ ਬੱਚੇ ਸਵਾਨਾ (9) ਅਤੇ ਇਸਲਾ (7) ਹਨ। ਬੁਲਾਰੇ ਨੇ ਕਿਹਾ ਕਿ ਜੋੜੇ ਅਨੁਸਾਰ ਤਲਾਕ ਦਾ ਫ਼ੈਸਲਾ ਉਨ੍ਹਾਂ ਦੀ ਦੋਸਤੀ ਅਤੇ ਦੋਵਾਂ ਬੱਚਿਆਂ ਲਈ ਬਿਹਤਰ ਹੋਵੇਗਾ। ਬਕਿੰਘਮ ਪੈਲਸ ਨੇ ਇਸ ਨੂੰ ਨਿੱਜੀ ਮਾਮਲਾ ਮੰਨ ਕੇ ਇਸ 'ਤੇ ਟਿੱਪਣੀ ਨਹੀਂ ਕੀਤੀ, ਪਰ ਬਿਆਨ ਵਿੱਚ ਕਿਹਾ ਗਿਆ ਕਿ ਦੋਵੇਂ ਪਰਵਾਰ ਇਸ ਖ਼ਬਰ ਨਾਲ ਦੁਖੀ ਹਨ। 12 ਸਾਲ ਪਹਿਲਾਂ ਲੰਡਨ ਦੇ ਵਿੰਡਸਰ ਕਾਸਲ 'ਚ ਹੋਏ ਵਿਆਹ ਵਿੱਚ ਪ੍ਰਿੰਸ ਹੈਰੀ ਤੇ ਮੇਘਨ ਮਾਰਕੇਲ ਵੀ ਸ਼ਾਮਲ ਹੋਏ ਸਨ।






# ਭਾਰਤੀਆਂ ਦੀ ਮੌਤ ਉੱਤੇ ਨੇਪਾਲ ਨੇ ਰਿਜ਼ਾਰਟ ਉੱਤੇ ਪਾਬੰਦੀ ਲਾਈ

ਕਾਠਮੰਡੂ, 13 ਫਰਵਰੀ (ਪੋਸਟ ਬਿਊਰੋ)- ਨੇਪਾਲ ਨੇ ਉਸ ਰਿਜ਼ਾਰਟ ਦਾ ਲਾਇਸੈਂਸ ਤਿੰਨ ਮਹੀਨੇ ਲਈ ਰੱਦ ਕਰ ਦਿੱਤਾ ਹੈ, ਜਿਸ ਵਿੱਚ ਪਿਛਲੇ ਮਹੀਨੇ ਅੱਠ ਭਾਰਤੀ ਸੈਲਾਨੀਆਂ ਦੀ ਸਾਹ ਘੁੱਟਣ ਨਾਲ ਮੌਤ ਹੋ ਗਈ ਸੀ। ਐਵਰੈਸਟ ਪੈਨੋਰਮਾ ਰਿਜ਼ਾਰਟ 'ਤੇ ਇਹ ਕਾਰਵਾਈ ਖਰਾਬ ਸੁਰੱਖਿਆ ਅਤੇ ਮੈਨੇਜਮੈਂਟ ਦੀਆਂ ਖ਼ਾਮੀਆਂ ਬਦਲੇ ਕੀਤੀ ਗਈ ਹੈ।



ਕੇਰਲ ਦੇ 15 ਸੈਲਾਨੀਆਂ ਦਾ ਇੱਕ ਦਲ ਪਿਛਲੇ ਮਹੀਨੇ ਪੋਖਰਾ ਘੁੰਮਣ ਗਿਆ ਸੀ। ਭਾਰਤ ਵਾਪਸੀ ਦੌਰਾਨ ਇਹ ਦਲ ਰਾਤ ਬਿਤਾਉਣ ਲਈ ਮਕਵਾਨਪੁਰ ਜ਼ਿਲੇ ਦੇ ਐਵਰੈਸਟ ਪੈਨੋਰਮਾ ਰਿਜ਼ਾਰਟ ਵਿੱਚ ਰੁਕਿਆ ਸੀ। ਓਥੇ ਠੰਢ ਤੋਂ ਬਚਣ ਲਈ ਉਨ੍ਹਾਂ ਲੋਕਾਂ ਨੇ ਰੂਮ ਹੀਟਰ ਚਾਲੂ ਕੀਤਾ ਸੀ। ਅਗਲੇ ਦਿਨ ਸਵੇਰੇ ਇੱਕ ਕਮਰੇ ਵਿੱਚ ਅੱਠ ਲੋਕ ਬੇਹੋਸ਼ ਮਿਲੇ ਸਨ। ਬਾਅਦ ਵਿੱਚ ਡਾਕਟਰਾਂ ਨੇ ਸਾਰਿਆਂ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕਾਂ ਵਿੱਚ ਚਾਰ ਬੱਚੇ ਵੀ ਸਨ।


ਕਾਠਮੰਡੂ ਪੋਸਟ ਦੇ ਅਨੁਸਾਰ ਸੈਲਾਨੀ ਵਿਭਾਗ ਨੇ ਭਾਰਤੀ ਸੈਲਾਨੀਆਂ ਦੀ ਮੌਤ ਦੀ ਜਾਂਚ ਲਈ ਬਣੀ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਰਿਜ਼ਾਰਟ 'ਤੇ ਤਿੰਨ ਮਹੀਨੇ ਦੀ ਪਾਬੰਦੀ ਲੱਗੀ ਹੈ। ਜਾਂਚ ਕਮੇਟੀ ਦੀ ਰਿਪੋਰਟ ਵਿੱਚ ਰਿਜ਼ਾਰਟ ਦੀ ਖਰਾਬ ਸੁਰੱਖਿਆ ਅਤੇ ਮੈਨੇਜਮੈਂਟ ਖ਼ਾਮੀਆਂ ਦਾ ਜ਼ਿਕਰ ਸੀ। ਜਾਂਚ ਦੌਰਾਨ ਕਮੇਟੀ ਨੇ ਪਾਇਆ ਕਿ ਰਿਜ਼ਾਰਟ ਸੁਰੱਖਿਆ ਪ੍ਰਬੰਧਾਂ ਦਾ ਪਾਲਣ ਨਹੀਂ ਕਰ ਰਿਹਾ ਸੀ ਤੇ ਆਪਣੇ ਮਹਿਮਾਨਾਂ ਨੂੰ ਘਟੀਆ ਦੇ ਕਰਾ ਰਿਹਾ ਸੀ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ




- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection


Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8




Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।




VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਉਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

# ਸਾਬਕਾ ਵਿਧਾਇਕ ਰਾਜ ਕੁਮਾਰ ਗੁਪਤਾ ਦਾ ਦੇਹਾਂਤ

ਜਲੰਧਰ, 13 ਫਰਵਰੀ (ਪੋਸਟ ਬਿਊਰੋ)- ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਵਿਧਾਇਕ ਰਾਜ ਕੁਮਾਰ ਗੁਪਤਾ (85) ਦਾ ਦੇਹਾਂਤ ਹੋ ਗਿਆ ਹੈ। ਉਹ ਪਿਛਲੇ ਸਮੇਂ ਤੋਂ ਦਿਲ ਦੇ ਰੋਗ ਨਾਲ ਪੀੜਤ ਸਨ ਅਤੇ ਉਨ੍ਹਾਂ ਨੇ ਕੱਲ੍ਹ ਰਾਤ ਇੱਕ ਨਿੱਜੀ ਹਸਪਤਾਲ ਵਿੱਚ ਆਖ਼ਰੀ ਸਾਹ ਲਿਆ। ਕੱਲ੍ਹ ਉਨ੍ਹਾਂ ਦਾ ਸਸਕਾਰ ਹਰਨਾਮਦਾਸਪੁਰਾ ਦੇ ਸ਼ਮਸ਼ਾਨਘਾਟ ਵਿੱਚ ਕੀਤਾ ਗਿਆ, ਜਿੱਥੇ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ। ਰਾਜ ਕੁਮਾਰ ਗੁਪਤਾ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਪੁੱਤਰ ਪਵਨ ਗੁਪਤਾ ਨੇ ਦਿਖਾਈ।

ਰਾਜ ਕੁਮਾਰ ਗੁਪਤਾ ਨੇ ਆਪਣਾ ਸਿਆਸੀ ਸਫ਼ਰ 1960 'ਚ ਕਾਂਗਰਸ ਦੇ ਸੇਵਾ ਦਲ ਤੋਂ ਸ਼ੁਰੂ ਕੀਤਾ ਸੀ। ਉਨ੍ਹਾਂ ਵੱਲੋਂ ਨਗਰ ਨਿਗਮ ਵਿੱਚ ਵਿਰੋਧੀ ਧਿਰ ਦੇ ਆਗੂ ਵਜੋਂ ਨਿਭਾਈ ਭੂਮਿਕਾ ਨੂੰ ਸ਼ਹਿਰ ਦੇ ਲੋਕ ਅੱਜ ਵੀ ਯਾਦ ਕਰਦੇ ਹਨ। ਨਗਰ ਨਿਗਮ ਹਾਊਸ ਵਿੱਚ ਦਿਖਾਈ ਉਨ੍ਹਾਂ ਦੀ ਦਲੇਰੀ ਕਾਰਨ ਸਾਲ 2002 ਵਿੱਚ ਉਨ੍ਹਾਂ ਨੂੰ ਕੇਂਦਰੀ ਵਿਧਾਨ ਸਭਾ ਹਲਕੇ ਤੋਂ ਟਿਕਟ ਦਿੱਤੀ ਗਈ ਤੇ ਉਹ ਜੇਤੂ ਰਹੇ ਸਨ। ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਰਾਜ ਕੁਮਾਰ ਗੁਪਤਾ ਇੱਕੋ ਅਜਿਹੇ ਵਿਧਾਇਕ ਸਨ, ਜਿਨ੍ਹਾਂ ਦੀ ਟਿਕਟ ਕੱਟੀ ਗਈ ਅਤੇ ਇਹ ਟਿਕਟ ਕੱਟਣੀ ਕਾਂਗਰਸ ਨੂੰ ਏਨੀ ਮਹਿੰਗੀ ਪਈ ਕਿ ਦੋਆਬੇ ਵਿੱਚੋਂ ਇੱਕ ਤਰ੍ਹਾਂ ਨਾਲ ਕਾਂਗਰਸ ਦਾ ਸਫ਼ਾਇਆ ਹੋ ਗਿਆ ਸੀ। ਫਿਰ ਗੁਪਤਾ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ।

# ਸਹੀ ਗ਼੍ਰਿਫ਼ਤਾਰੀ ਵਿਖਾਈ ਹੋਵੇ ਤਾਂ ਦੋਸ਼ੀ ਬਚ ਕਿਵੇਂ ਸਕਦੇ ਨੇ: ਹਾਈ ਕੋਰਟ

ਚੰਡੀਗੜ੍ਹ, 13 ਫਰਵਰੀ (ਪੋਸਟ ਬਿਊਰੋ)- ਦੋਸ਼ੀਆਂ ਦੀਆਂ ਗ਼੍ਰਿਫ਼ਤਾਰੀਆਂ ਪਿੱਛੇ ਪੁਲਸ ਵੱਲੋਂ ਝੂਠੀਆਂ ਕਹਾਣੀਆਂ ਕੱਢਣ ਕਾਰਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਮੋਲ ਰਤਨ ਸਿੰਘ ਦੀ ਸਿੰਗਲ ਬੈਂਚ ਨੇ ਫਿਟਕਾਰ ਲਾਉਂਦਿਆਂ ਕਿਹਾ ਹੈ ਕਿ ਜੇ ਸੂਚਨਾ ਮੁਤਾਬਕ ਸਹੀ ਗ਼੍ਰਿਫ਼ਤਾਰੀਆਂ ਵਿਖਾਈਆਂ ਜਾਣ ਤਾਂ ਅਦਾਲਤਾਂ ਵਿੱਚ ਕੇਸ ਪੁੱਠੇ ਨਾ ਪੈਣ ਅਤੇ ਅਸਲ ਦੋਸ਼ੀਆਂ ਨੂੰ ਵੀ ਸਜ਼ਾ ਜ਼ਰੂਰ ਮਿਲਦੀ ਰਿਹਾ ਕਰੇ। ਅਸਲ ਵਿੱਚ ਕੁਝ ਕੇਸਾਂ ਵਿੱਚ ਗ਼੍ਰਿਫ਼ਤਾਰੀ ਕਿਤੇ ਹੋਰ ਵਿਖਾਉਣ ਦੇ ਇੱਕ ਕੇਸ ਵਿੱਚ ਇੱਕ ਦੋਸ਼ੀ ਨੇ ਸਬੂਤ ਪੇਸ਼ ਕੀਤੇ ਕਿ ਜਿਸ ਵੇਲੇ ਉਸ ਦੀ ਗ੍ਰਿਫਤਾਰੀ ਵਿਖਾਈ ਗਈ, ਉਸ ਵੇਲੇ ਉਹ ਆਪਣੇ ਘਰ ਵਿੱਚ ਸੀ, ਉਸ ਦੇ ਘਰ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਰਿਕਾਰਡਿੰਗ ਵੀ ਉਸ ਨੇ ਪੇਸ਼ ਕੀਤੀ ਸੀ। ਇਹ ਤੱਥ ਵੀ ਪੇਸ਼ ਕੀਤਾ ਗਿਆ ਕਿ ਜਿਸ ਵੇਲੇ ਕੁਝ ਪੁਲਸ ਮੁਲਾਜ਼ਮਾਂ ਵੱਲੋਂ ਦੋਸ਼ੀ ਨੂੰ ਗ਼੍ਰਿਫ਼ਤਾਰ ਕੀਤਾ




ਵਿਖਾਇਆ ਗਿਆ, ਉਸ ਵੇਲੇ ਉਨ੍ਹਾਂ ਮੁਲਾਜ਼ਮਾਂ ਦੇ ਮੋਬਾਈਲ ਫ਼ੋਨ ਦੀ ਟਾਵਰ ਲੋਕੇਸ਼ਨ ਕਿਸੇ ਦੂਸਰੇ ਸ਼ਹਿਰ ਵਿੱਚ ਆ ਰਹੀ ਸੀ। ਇਹੋ ਜਿਹੀਆਂ ਸ਼ਿਕਾਇਤਾਂ ਵਿੱਚ ਪੁਲਸ ਕਾਰਵਾਈ ਦੀ ਅਸਲ ਸਥਿਤੀ ਸਾਹਮਣੇ ਆਉਣ ਸਦਕਾ ਹਾਈ ਕੋਰਟ ਦੇ ਇਸ ਬੈਂਚ ਨੇ ਪੰਜਾਬ ਤੇ ਹਰਿਆਣਾ ਦੇ ਪੁਲਸ ਮੁਖੀਆਂ ਨੂੰ ਹਦਾਇਤ ਕੀਤੀ ਕਿ ਉਹ ਥਾਣਿਆਂ ਵਿੱਚ ਸੀ ਸੀ ਟੀ ਵੀ ਕੈਮਰੇ ਲਾਉਣ ਦੀ ਨੀਤੀ ਬਣਾਉਣ ਤੇ ਓਥੇ ਬਿਜਲੀ ਦੇ ਬੈਕਅਪ ਬਾਰੇ ਵੀ ਨੀਤੀ ਬਣਾਉਣ ਤਾਂ ਕਿ ਕੈਮਰੇ 24 ਘੰਟੇ ਚੱਲਦੇ ਰਹਿਣ ਤੇ ਬਿਜਲੀ ਜਾਣ ਦਾ ਬਹਾਨੇ ਦੀ ਗੁੰਜਾਇਸ਼ ਨਾ ਰਹੇ।

# ਮਨੀਲਾ ਰਹਿੰਦੇ ਪੰਜਾਬੀ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ

ਮੁੱਦਕੀ, 13 ਫਰਵਰੀ (ਪੋਸਟ ਬਿਊਰੋ)- ਇਸ ਕਸਬੇ ਦੇ ਇੱਕ ਨੌਜਵਾਨ ਦੀ ਮਨੀਲਾ ਵਿਖੇ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ।

ਮ੍ਰਿਤਕ ਨੌਜਵਾਨ ਦੇ ਪਿਤਾ ਨਛੱਤਰ ਸਿੰਘ ਫੌਜੀ ਨੇ ਦੱਸਿਆ ਕਿ ਬੀਤੀ ਛੇ ਫਰਵਰੀ ਨੂੰ ਉਨ੍ਹਾਂ ਦੇ ਪੁੱਤਰ ਸੁਖਜੀਤ ਸਿੰਘ ਉਰਫ ਦੋਧੀ ਦੇ ਦੋਸਤਾਂ ਦਾ ਮਨੀਲਾ ਤੋਂ ਫੋਨ ਆਇਆ ਕਿ ਸੁਖਜੀਤ ਸਿੰਘ ਜਦੋਂ ਮਨੀਲਾ ਵਿਖੇ ਪੰਜ ਫਰਵਰੀ ਨੂੰ ਕੰਮ 'ਤੇ ਜਾਣ ਲੱਗਾ ਤਾਂ ਰਸਤੇ ਵਿੱਚ ਕੁਝ ਅਣਪਛਾਤਿਆਂ ਨੇ ਗੋਲੀਆਂ ਮਾਰ ਕੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ ਹੈ ਤੇ ਅਸੀਂ ਉਸ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਨੇ ਸੁਖਜੀਤ ਨੂੰ ਚਾਰ-ਪੰਜ ਗੋਲੀਆਂ ਮਾਰੀਆਂ। ਕੱਲ੍ਹ ਰਾਤ ਉਸ ਦੇ ਦੋਸਤਾਂ ਨੇ ਮਨੀਲਾ ਤੋਂ ਫੋਨ ਕਰ ਕੇ ਦੱਸਿਆ ਕਿ ਉਹ ਹਸਪਤਾਲ ਵਿੱਚ ਦਮ ਤੋੜ ਗਿਆ ਹੈ। ਨਛੱਤਰ ਸਿੰਘ ਨੇ ਦੱਸਿਆ ਕਿ ਮ੍ਰਿਤਕ (35 ਸਾਲ) ਕੁਆਰਾ ਸੀ ਅਤੇ 29 ਅਪ੍ਰੈਲ 2018 ਨੂੰ ਆਪਣੀ ਰੋਜ਼ੀ-ਰੋਟੀ ਖਾਤਰ ਮਨੀਲਾ ਗਿਆ ਸੀ। ਮ੍ਰਿਤਕ ਦੇ ਪਿਤਾ ਨੇ ਮਨੀਲਾ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਪੁੱਤਰ ਨੂੰ ਗੋਲੀਆਂ ਮਾਰਨ ਵਾਲੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

# ਨਵਜੋਤ ਸਿੱਧੂ ਆਮ ਆਦਮੀ ਪਾਰਟੀ ਦੇ ਸੰਪਰਕ ਵਿੱਚ ਹੋਣ ਬਾਰੇ ਕਾਂਗਰਸੀਆਂ ਵਿੱਚ ਚਰਚਾ

ਚੰਡੀਗੜ੍ਹ, 13 ਫਰਵਰੀ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਅੰਦਰ ਇਹ ਗੱਲ ਚੱਲ ਰਹੀ ਹੈ ਕਿ ਨਵਜੋਤ ਸਿੰਘ ਸਿੱਧੂ ਉੱਤੇ ਆਮ ਆਦਮੀ ਪਾਰਟੀ ਡੋਰੇ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇੱਕ ਜ਼ਿੰਮੇਵਾਰ ਕਾਂਗਰਸੀ ਨੇਤਾ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਵੱਡੇ ਨੇਤਾਵਾਂ ਨੇ ਸਿੱਧੂ ਨਾਲ ਸੰਪਰਕ ਬਣਾਇਆ ਹੋਇਆ ਹੈ, ਪਰ ਗੱਲ ਕਿੱਥੋਂ ਤੱਕ ਪਹੁੰਚੀ ਅਤੇ ਕਿੰਨੀ ਤੈਅ ਹੋਈ ਹੈ, ਇਹ ਅਜੇ ਤੱਕ ਪਤਾ ਨਹੀਂ। ਇਸ ਨੇਤਾ ਨੇ ਕਿਹਾ ਕਿ ਏਸੇ ਲਈ ਸਿੱਧੂ ਦਿੱਲੀ ਵਿੱਚ ਕਾਂਗਰਸ ਦੇ ਹੱਕ ਵਿੱਚ ਪ੍ਰਚਾਰ ਕਰਨ ਨਹੀਂ ਗਏ ਅਤੇ ਪਹਿਲਾਂ ਉਹ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਤੋਂ ਵੀ ਗੈਰ ਹਾਜ਼ਰ ਰਹੇ ਸਨ। ਕਾਫੀ ਸਮੇਂ ਤੋਂ ਸਿੱਧੂ ਕਾਂਗਰਸ ਦੀ ਕਿਸੇ ਸਰਗਰਮੀ ਵਿੱਚ ਹਿੱਸਾ ਨਹੀਂ ਲੈ ਰਹੇ। ਪਾਰਟੀ ਹਾਈ ਕਮਾਨ ਨੇ ਉਨ੍ਹਾਂ ਨੂੰ ਦਿੱਲੀ ਵਾਸਤੇ ਸਟਾਰ ਪ੍ਰਚਾਰਕ ਲਿਸਟ ਵਿੱਚ ਰੱਖਿਆ ਸੀ, ਪਰ ਉਹ ਪ੍ਰਚਾਰ ਕਰਨ ਨਹੀਂ ਗਏ। ਸਿੱਧੂ ਦੀ ਨਾਰਾਜ਼ਗੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਹੈ। ਕੁਝ ਮਹੀਨੇ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤ ਸਿੰਘ ਸਿੱਧੂ ਤੋਂ ਲੋਕਲ ਬਾਡੀ ਵਿਭਾਗ ਲੈ ਕੇ ਬਿਜਲੀ ਵਿਭਾਗ ਦਿੱਤਾ ਸੀ ਤਾਂ ਸਿੱਧੂ ਨੇ ਬਿਜਲੀ ਵਿਭਾਗ ਲੈਣ ਤੋਂ ਨਾਂਹ ਕਰ ਦਿੱਤਾ ਅਤੇ ਮੰਤਰੀ ਮੰਡਲ ਤੋਂ ਅਸਤੀਫਾ ਦੇ ਕੇ ਸਰਕਾਰੀ ਕੋਠੀ ਖਾਲੀ ਕਰ ਦਿੱਤੀ ਸੀ। ਓਦੋਂ ਤੋਂ ਉਹ ਅੰਮ੍ਰਿਤਸਰ ਆਪਣੇ ਘਰ ਵਿੱਚ ਰਹਿ ਰਹੇ ਹਨ। ਜਦ ਕਰਤਾਰਪੁਰ ਸਾਹਿਬ ਕਾਰੀਡੋਰ ਦਾ ਉਦਘਾਟਨ ਹੋਇਆ ਸੀ ਤਾਂ ਉਹ ਦੂਸਰੇ ਕਾਂਗਰਸੀ ਨੇਤਾਵਾਂ ਦੇ ਨਾਲ ਕਰਤਾਰਪੁਰ ਗਏ ਸਨ ਅਤੇ ਉਨ੍ਹਾਂ ਨੂੰ ਮੁੱਖ ਮੰਤਰੀ ਨਾਲ ਗੱਲਬਾਤ ਕਰਦੇ ਵੀ ਦੇਖਿਆ ਗਿਆ ਸੀ। ਪਤਾ ਲੱਗਾ ਹੈ ਕਿ ਸਿੱਧੂ ਸਿਰਫ ਆਪਣੇ ਦੋਸਤਾਂ ਦੀ ਹੀ ਸੁਣਦੇ ਹਨ ਅਤੇ ਪਾਰਟੀ ਦੇ ਨੇਤਾਵਾਂ ਨਾਲ ਉਨ੍ਹਾਂ ਦਾ ਸੰਪਰਕ ਲਗਭਗ ਖਤਮ ਹੈ।

# ਰਜਿੰਦਰਾ ਹਸਪਤਾਲ ਵਿੱਚ ਲਾਸ਼ਾਂ ਦੀ ਅਦਲਾ-ਬਦਲੀ ਹੋ ਗਈ



ਪਟਿਆਲਾ, 13 ਫਰਵਰੀ (ਪੋਸਟ ਬਿਊਰੋ)- ਜ਼ਹਿਰੀਲੀ ਵਸਤੂ ਨਿਗਲਣ ਕਾਰਨ ਸੰਗਰੂਰ ਵਾਸੀ ਨੌਜਵਾਨ ਦੀ ਸਰਕਾਰੀ ਰਜਿੰਦਰਾ ਹਸਪਤਾਲ ਵਿੱਚ ਮੌਤ ਹੋ ਗਈ ਸੀ। ਕੱਲ੍ਹ ਸਵੇਰੇ ਵਾਰਸ ਲਾਸ਼ ਦਾ ਪੋਸਟਮਾਰਟਮ ਕਰਵਾਉਣ ਲਈ ਮੁਰਦਾਘਰ ਪੁੱਜੇ ਅਤੇ ਜਦੋਂ ਲਾਸ਼ ਤੋਂ ਕੱਪੜਾ ਚੁੱਕਿਆ ਗਿਆ ਤਾਂ ਇਹ ਲਾਸ਼ ਕਿਸੇ ਹੋਰ ਦੀ ਨਿਕਲੀ। ਵਾਰਸਾਂ ਨੇ ਹੰਗਾਮਾ ਕਰਦਿਆਂ ਡਾਕਟਰਾਂ 'ਤੇ ਲਾਸ਼ ਬਦਲਣ ਤੇ ਅੰਦਰੂਨੀ ਅੰਗ ਕੱਢਣ ਦੇ ਦੋਸ਼ ਲਾਏ।

ਵਰਨਣ ਯੋਗ ਹੈ ਕਿ ਸੰਗਰੂਰ ਦੇ ਫ਼ੌਜੀ ਸਿੰਘ ਦੀ ਜ਼ਹਿਰੀਲੀ ਵਸਤੂ ਨਿਗਲਣ ਕਾਰਨ ਹਾਲਤ ਖ਼ਰਾਬ ਹੋ ਗਈ ਸੀ, ਜਿਸ ਨੂੰ ਪਟਿਆਲਾ ਦੇ ਸਰਕਾਰੀ ਰਜਿੰਦਰਾ ਹਸਪਤਾਲ ਲਿਆਂਦਾ ਗਿਆ। ਇੱਥੇ ਫ਼ੌਜੀ ਸਿੰਘ ਦੀ ਮੌਤ ਗਈ ਅਤੇ ਲਾਸ਼ ਨੂੰ ਮੁਰਦਾਘਰ ਵਿੱਚ ਰਖਵਾ ਦਿੱਤਾ ਗਿਆ। ਦੂਜੇ ਪਾਸੇ ਉੱਤਰ ਪ੍ਰਦੇਸ਼ ਦੇ 32 ਸਾਲਾ ਮਜ਼ਦੂਰ ਰਾਮ ਕੁਮਾਰ ਦੀ ਵੀ ਜ਼ਹਿਰੀਲੀ ਵਸਤੂ ਨਿਗਲਣ ਕਾਰਨ ਮੌਤ ਹੋ ਗਈ ਤੇ ਉਸ ਦੀ ਲਾਸ਼ ਵੀ ਹਸਪਤਾਲ ਵਿੱਚ ਪਈ ਸੀ। ਇੱਥੇ ਹੀ ਸਾਰੀ ਗੜਬੜ ਹੋਈ। ਰਾਮ ਕੁਮਾਰ ਦੇ ਪਰਵਾਰਕ ਮੈਂਬਰ ਉਸ ਦੀ ਲਾਸ਼ ਦੇ ਪੋਸਟਮਾਰਟਮ ਤੋਂ ਬਾਅਦ ਸ਼ਨਾਖਤ ਕਰਨ ਦੇ ਬਾਵਜੂਦ ਫ਼ੌਜੀ ਸਿੰਘ ਦੀ ਲਾਸ਼ ਲੈ ਕੇ ਉੱਤਰ ਪ੍ਰਦੇਸ਼ ਚਲੇ ਗਏ।

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay
$22 /Hour
- 7 Days Work
- All Shifts Available
Toronto ਤੇ Montreal ਲਈ ਵੀ ਡਰਾਈਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ,ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ।ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 I 416-509-7252 I +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ,ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 I 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters
OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters
AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days a Week
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

# ਅਦਾਲਤ ਨੇ ਪੁੱਛਿਆ, ਰਿਸ਼ਵਤ ਕੇਸ 'ਚ ਵੱਡੀ ਭੂਮਿਕਾ ਵਾਲਾ ਦੋਸ਼ੀ ਆਜ਼ਾਦ ਕਿਉਂ ਘੁੰਮਦੈ



ਨਵੀਂ ਦਿੱਲੀ, 13 ਫਰਵਰੀ (ਪੋਸਟ ਬਿਊਰੋ)- ਦਿੱਲੀ ਦੀ ਅਦਾਲਤ ਨੇ ਸੀ ਬੀ ਆਈ ਦੇ ਸਾਬਕਾ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਦੇ ਖਿਲਾਫ ਰਿਸ਼ਵਤ ਕੇਸ ਦੀ ਸੀ ਬੀ ਆਈ ਜਾਂਚ ਉੱਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ। ਅਸਥਾਨਾ ਨੂੰ ਕਲੀਨ ਚਿੱਟ ਦਿੱਤੀ ਜਾ ਚੁੱਕੀ ਹੈ। ਅਦਾਲਤ ਨੇ ਪੁੱਛਿਆ ਕਿ ਇਸ ਕੇਸ ਵਿੱਚ ਵੱਡੀ ਭੂਮਿਕਾ ਵਾਲਾ ਇੱਕ ਦੋਸ਼ੀ ਆਜ਼ਾਦ ਕਿਉਂ ਘੁੰਮ ਰਿਹਾ ਹੈ, ਜਦੋਂ ਕਿ ਜਾਂਚ ਏਜੰਸੀ ਨੇ ਆਪਣੇ ਡੀ ਐਸ ਪੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਇਸ ਮੌਕੇ ਅਦਾਲਤ ਨੇ ਨਾਰਾਜ਼ਗੀ ਜ਼ਾਹਰ ਕੀਤੀ ਕਿ ਸੋਮੇਸ਼ਵਰ ਸ੍ਰੀਵਾਸਤਵ, ਜਿਸ ਦਾ ਨਾਂਅ ਇਸ ਜਾਂਚ ਦੌਰਾਨ ਸਾਹਮਣੇ ਆਇਆ ਸੀ, ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ, ਪਰ ਸੀ ਬੀ ਆਈ ਦੇ ਡੀ ਐਸ ਪੀ ਦੇਵੇਂਦਰ ਕੁਮਾਰ ਨੂੰ ਸਾਲ 2018 'ਚ ਗ੍ਰਿਫ਼ਤਾਰ ਕਰ ਲਿਆ ਸੀ ਜਿਸ ਨੂੰ ਬਾਅਦ 'ਚ ਜ਼ਮਾਨਤ ਮਿਲ ਗਈ। ਸੋਮੇਸ਼ਵਰ ਸ੍ਰੀਵਾਸਤਵ ਦੁਬਈ ਸਥਿਤ ਕਾਰੋਬਾਰੀ ਅਤੇ ਕਥਿਤ ਵਿਚੋਲੇ ਮਨੋਜ ਪ੍ਰਸਾਦ ਦਾ ਭਰਾ ਹੈ, ਜਿਹੜਾ ਇਸ ਕੇਸ ਦੇ ਮੁੱਖ ਮੁਲਜ਼ਮਾਂ 'ਚੋਂ ਇੱਕ ਹੈ। ਕੱਲ੍ਹ ਸੀ ਬੀ ਆਈ ਵੱਲੋਂ ਦਾਇਰ ਕੀਤੇ ਦੋਸ਼ ਪੱਤਰ 'ਚ ਜਾਂਚ ਏਜੰਸੀ ਨੇ ਸ੍ਰੀਵਾਸਤਵ ਨੂੰ ਦੋਸ਼ੀ ਨਹੀਂ ਦੱਸਿਆ। ਉਂਜ ਸੀ ਬੀ ਆਈ ਨੇ ਕਿਹਾ ਕਿ ਇਸ ਕੇਸ ਵਿੱਚ ਕੁਝ ਵਿਅਕਤੀਆਂ ਸਮੇਤ ਉਨ੍ਹਾਂ ਦੀ ਭੂਮਿਕਾ ਦੇ ਬਾਰੇ ਜਾਂਚ ਜਾਰੀ ਹੈ।

ਜਾਣਕਾਰ ਸੂਤਰਾਂ ਅਨੁਸਾਰ ਰਾਕੇਸ਼ ਅਸਥਾਨਾ ਤੇ ਦੇਵੇਂਦਰ ਕੁਮਾਰ ਸਮੇਤ ਸੀ ਬੀ ਆਈ ਨੇ 'ਰਾਅ' ਦੇ ਮੁਖੀ ਐਸ ਕੇ ਗੋਇਲ, ਜਿਹੜੇ ਜਾਂਚ ਦੇ ਘੇਰੇ 'ਚ ਸਨ, ਨੂੰ ਵੀ ਕਲੀਨ ਚਿੱਟ ਦੇ ਦਿੱਤੀ ਹੈ। ਦੋਸ਼ ਪੱਤਰ ਨੂੰ ਦੇਖ ਕੇ ਜੱਜ ਨੇ ਪੁੱਛਿਆ ਕਿ ਸ੍ਰੀਵਾਸਤਵ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਗਿਆ? ਉਸ 'ਤੇ ਇੰਨੀ 'ਨਜ਼ਰ-ਏ-ਇਨਾਇਤ' ਕਿਉਂ? ਇਸ ਉੱਤੇ ਸੀ ਬੀ ਆਈ ਨੇ ਅਦਾਲਤ ਨੂੰ ਦੱਸਿਆ ਕਿ ਸ੍ਰੀਵਾਸਤਵ ਨੂੰ ਵਿਦੇਸ਼ ਜਾਣੋਂ ਰੋਕਣ ਲਈ 'ਲੁੱਕ ਆਊਟ ਸਰਕੁਲਰ' (ਐਲ ਓ ਸੀ) ਜਾਰੀ ਕੀਤਾ ਜਾ ਚੁੱਕਾ ਹੈ। ਮਾਮਲੇ ਦੀ ਅਗਲੀ ਸੁਣਵਾਈ 19 ਫਰਵਰੀ ਨੂੰ ਹੋਵੇਗੀ।

## ਪੰਜਾਬ ਦੇ ਸ਼ਹਿਰੀਆਂ ਨੂੰ ਰਾਹਤ

# ਪਾਣੀ ਤੇ ਸੀਵਰੇਜ ਖਰਚਿਆਂ ਦੇ ਭੁਗਤਾਨ ਲਈ ਇੱਕਮੁੱਠ ਨਿਬੇੜੇ ਦੀ ਸਕੀਮ ਆਈ

ਚੰਡੀਗੜ੍ਹ, 13 ਫਰਵਰੀ (ਪੋਸਟ ਬਿਊਰੋ)- ਪੰਜਾਬ ਦੀ ਸ਼ਹਿਰੀ ਵਸੋਂ ਦੀ ਵੱਡੀ ਰਾਹਤ ਲਈ ਲੋਕਲ ਬਾਡੀਜ਼ ਵਿਭਾਗ ਨੇ ਸ਼ਹਿਰੀ ਇਲਾਕਿਆਂ ਵਿੱਚ ਪਾਣੀ ਤੇ ਸੀਵਰੇਜ ਦੇ ਬਕਾਏ ਦੇਣ ਇੱਕਮੁੱਠ ਨਿਬੇੜਾ ਸਕੀਮ ਪੇਸ਼ ਕੀਤੀ ਹੈ।



ਇਸ ਬਾਰੇ ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਇਸ ਸਕੀਮ ਮੁਤਾਬਕ ਦੇ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਤਿੰਨ ਮਹੀਨਿਆਂ ਵਿਚਾਲੇ ਜਿਹੜੇ ਲੋਕ ਮੂਲ ਰਕਮ ਦਾ ਭੁਗਤਾਨ ਕਰ ਦੇਣਗੇ, ਉਨ੍ਹਾਂ ਦਾ ਵਾਟਰ ਸਪਲਾਈ ਅਤੇ ਸੀਵਰੇਜ ਖਰਚਾ, ਟੈਕਸ, ਫੀਸ ਦੇ ਬਕਾਏ ਦਾ ਵਿਆਜ ਤੇ ਜੁਰਮਾਨਾ ਮੁਆਫ ਹੋਵੇਗਾ। ਜੇ ਇਹ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਤਿੰਨ ਮਹੀਨਿਆਂ ਮਗਰੋਂ, ਪਰ ਛੇ ਮਹੀਨਿਆਂ ਦੇ ਅੰਦਰ ਮੂਲ ਰਕਮ ਦਾ ਭੁਗਤਾਨ ਕੀਤਾ ਤਾਂ ਨਾਗਰਿਕਾਂ ਨੂੰ ਜੁਰਮਾਨੇ ਤੋਂ ਛੋਟ ਹੋਵੇਗੀ। ਉਨ੍ਹਾਂ ਕਿਹਾ ਕਿ ਭੁਗਤਾਨ ਯੋਗ ਰਕਮ ਇਕੱਠੀ ਜਮ੍ਹਾ ਕਰਾਉਣੀ ਪਵੇਗੀ ਅਤੇ ਜਮ੍ਹਾ ਨਾ ਕਰਵਾਈ ਤਾਂ ਵਿਆਜ ਤੇ ਜੁਰਮਾਨਾ ਦੋਵੇਂ ਲੱਗਣਗੇ ਅਤੇ ਪਾਣੀ ਤੇ ਸੀਵਰੇਜ ਦਾ ਕੁਨੈਕਸ਼ਨ ਵੀ ਕੱਟਿਆ ਜਾਵੇਗਾ। ਬ੍ਰਹਮ ਮਹਿੰਦਰਾ ਨੇ ਲੋਕਲ ਬਾਡੀਜ਼ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਸਕੀਮ ਨੂੰ ਫੌਰੀ ਲਾਗੂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੂਬੇ ਦੀ ਸ਼ਹਿਰੀ ਵਸੋਂ ਇਸ ਨੀਤੀ ਦੀ ਲੰਮੇ ਸਮੇਂ ਤੋਂ ਉਡੀਕ ਕਰ ਰਹੀ ਸੀ ਅਤੇ ਇਸ ਨੂੰ ਲਾਗੂ ਕਰਨ ਨਾਲ ਲੋਕਲ ਬਾਡੀਜ਼ ਵਿਭਾਗ ਤੇ ਨਾਗਰਿਕਾਂ ਦੋਵਾਂ ਨੂੰ ਫਾਇਦਾ ਪੁੱਜੇਗਾ।

# ਹਰੀਕੇ ਸ਼ਾਮਲਾਟ ਕੇਸ ਵਿੱਚ ਸਾਬਕਾ ਪਟਵਾਰੀ ਗ੍ਰਿਫ਼ਤਾਰ

ਤਰਨ ਤਾਰਨ, 13 ਫਰਵਰੀ (ਪੋਸਟ ਬਿਊਰੋ)- ਕੋਈ 32 ਸਾਲ ਪਹਿਲਾਂ ਹਰੀਕੇ ਇਲਾਕੇ ਦੇ ਇੱਕ ਪਿੰਡ ਦੀ ਸ਼ਾਮਲਾਟ ਜ਼ਮੀਨ ਓਦੋਂ ਦੇ ਮਾਲ ਵਿਭਾਗ ਦੇ ਪਹੁੰਚ ਵਾਲੇ ਉਚ ਅਧਿਕਾਰੀ ਦੀ ਪਤਨੀ ਨੂੰ ਲਿਹਾਜ਼ ਨਾਲ ਵੇਚਣ ਦਾ ਕੇਸ ਅਜੇ ਵੀ ਖਹਿੜਾ ਨਹੀਂ ਛੱਡ ਰਿਹਾ। ਇਸ ਕੇਸ ਬਾਰੇ ਵਿਜੀਲੈਂਸ ਨੇ ਦੋ ਦਿਨ ਪਹਿਲਾਂ ਹੀ ਪੰਜਾਬ ਸ਼ਾਮਲਾਟ ਜ਼ਮੀਨ ਐਕਟ-1964, 120-ਬੀ ਅਧੀਨ ਤਿੰਨ ਮ੍ਰਿਤਕਾਂ ਸਮੇਤ ਚਾਰ ਜਣਿਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ।

ਪਤਾ ਲੱਗਾ ਹੈ ਕਿ ਮਾਲ ਵਿਭਾਗ ਦੇ ਚਰਚਿਤ ਉਚ ਅਧਿਕਾਰੀ ਬਲਬੀਰ ਸਿੰਘ ਵਾਸੀ ਹਰੀਕੇ, ਜਿਹੜੇ ਉਸ ਵੇਲੇ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿੱਚ ਨਾਇਬ ਤਹਿਸੀਲਦਾਰ ਸਨ, ਨੂੰ ਅਦਾਲਤ ਵੱਲੋਂ ਚਾਰ ਕੁ ਸਾਲ ਪਹਿਲਾਂ ਚਾਰ ਸਾਲ ਦੀ ਕੈਦ ਅਤੇ 50,000 ਰੁਪਏ ਦਾ ਜੁਰਮਾਨਾ ਹੋ ਚੁੱਕਾ ਹੈ। ਏਥੋਂ ਦੀ ਸ਼ਾਮਲਾਟ ਜ਼ਮੀਨ ਬਲਬੀਰ ਸਿੰਘ ਦੀ ਪਤਨੀ ਮਨਜੀਤ ਕੌਰ ਨੂੰ ਵੇਚਣ ਪਿੱਛੋਂ ਉਸ ਦਾ ਪਟਵਾਰੀ ਮੇਜਰ ਸਿੰਘ ਵੱਲੋਂ ਪੇਸ਼ ਕੀਤੇ ਦਸਤਾਵੇਜ਼ ਮੁਤਾਬਕ ਕਾਨੂੰਗੋ ਵਿਸ਼ਨੂੰ ਦਾਸ ਅਤੇ ਤਹਿਸੀਲਦਾਰ ਹਰਬੰਸ ਸਿੰਘ ਰੰਧਾਵਾ ਨੇ ਇੰਤਕਾਲ ਵੀ ਮਨਜ਼ੂਰ ਕਰ ਲਿਆ ਸੀ। ਦੋ ਦਿਨ ਪਹਿਲਾਂ ਕੀਤੀ ਕਾਰਵਾਈ ਬਾਰੇ ਵਿਜੀਲੈਂਸ ਬਿਊਰੋ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਅਦਾਲਤ ਨੇ ਬਲਬੀਰ ਸਿੰਘ ਨੂੰ ਸਜ਼ਾ ਸੁਣਾਉਣ ਮੌਕੇ ਇਸ ਕੇਸ ਦੇ ਪਟਵਾਰੀ, ਕਾਨੂੰਗੋ ਤੇ ਤਹਿਸੀਲਦਾਰ ਵੱਲੋਂ ਡਿਊਟੀ ਨਿਭਾਉਣ ਮੌਕੇ ਵਰਤੀ ਗਈ ਅਣਗਹਿਲੀ ਦੇ ਖ਼ਿਲਾਫ਼ ਵੀ ਜਾਂਚ ਕਰਕੇ ਕੇਸ ਦਰਜ ਕਰਨ ਦੇ ਹੁਕਮ ਜਾਰੀ ਕੀਤੇ ਸਨ। ਓਦੋਂ ਤੋਂ ਵਿਜੀਲੈਂਸ ਵੱਲੋਂ ਚੱਲ ਰਹੀ ਜਾਂਚ ਦੇ ਅਧਾਰ ਉੱਤੇ ਚਾਰ ਜਣਿਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਵਿਜੀਲੈਂਸ ਦੇ ਸੂਤਰਾਂ ਦੱਸਿਆ ਕਿ ਇਸ ਕੇਸ ਵਿੱਚ ਨਾਮਜ਼ਦ ਕੀਤੇ ਤਹਿਸੀਲਦਾਰ, ਕਾਨੂੰਗੋ ਤੇ ਮਨਜੀਤ ਕੌਰ ਦੀ ਮੌਤ ਹੋ ਚੁੱਕੀ ਹੈ ਅਤੇ ਸੇਵਾਮੁਕਤ ਪਟਵਾਰੀ ਮੇਜਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਨਵੀਆਂ ਜੇਲ੍ਹਾਂ ਵਿੱਚ ਘਟੀਆ ਸਮੱਗਰੀ ਲਾਉਣ ਦੀ ਜਾਂਚ ਦੇ ਹੁਕਮ

ਚੰਡੀਗੜ੍ਹ, 13 ਫਰਵਰੀ (ਪੋਸਟ ਬਿਊਰੋ)- ਅੰਮ੍ਰਿਤਸਰ ਜੇਲ੍ਹ ਦੀ ਕੰਧ ਤੋੜ ਕੇ ਦੋ ਫਰਵਰੀ ਨੂੰ ਤਿੰਨ ਹਵਾਲਾਤੀਆਂ ਦੇ ਫਰਾਰ ਹੋਣ ਦੇ ਕੇਸ ਵਿਚ ਸਰਕਾਰ ਨੇ ਅਕਾਲੀ-ਭਾਜਪਾ ਰਾਜ ਵੇਲੇ ਬਣੀਆਂ ਜੇਲ੍ਹਾਂ ਦੇ ਕੰਮ ਦਾ ਆਡਿਟ ਕਰਵਾਉਣ ਦੇ ਹੁਕਮ ਦਿੱਤੇ ਹਨ। ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਫੈਸਲੇ ਦੀ ਪੁਸ਼ਟੀ ਕੀਤੀ ਹੈ।



ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਅੰਮ੍ਰਿਤਸਰ ਜੇਲ੍ਹ ਬ੍ਰੇਕ ਘਟਨਾ ਦੀ ਜਾਂਚ ਵਿੱਚ ਪਤਾ ਲੱਗਾ ਕਿ ਇਸ ਜੇਲ੍ਹ ਦੀ ਉਸਾਰੀ ਵਿੱਚ ਇੰਨਾ ਘਟੀਆ ਮਟੀਰੀਅਲ ਲਾਇਆ ਗਿਆ ਸੀ ਕਿ ਜੇ ਦਸ ਜਣੇ ਜ਼ੋਰ ਨਾਲ ਧੱਕਾ ਮਾਰਨ ਤਾਂ ਕੰਧ ਹੀ ਡਿੱਗ ਜਾਏ। ਅਕਾਲੀ-ਭਾਜਪਾ ਸਰਕਾਰ ਵੇਲੇ ਬਣੀਆਂ ਇਨ੍ਹਾਂ ਜੇਲ੍ਹਾਂ ਦੇ ਕੰਮ ਦੀ ਜਾਂਚ ਕਰਵਾਉਣ ਦੇ ਹੁਕਮ ਦਿੱਤੇ ਗਏ ਹਨ ਤੇ ਜੇ ਕੋਈ ਖ਼ਾਮੀ ਪਾਈ ਗਈ ਤਾਂ ਇਸ ਦੀ ਵਿਸਥਾਰ ਨਾਲ ਜਾਂਚ ਕਰਵਾਈ ਜਾਏਗੀ।

ਏ ਡੀ ਜੀ ਪੀ (ਜੇਲ੍ਹ) ਪ੍ਰਵੀਨ ਕੁਮਾਰ ਸਿਨਹਾ ਨੇ ਵੀ ਤਕਨੀਕੀ ਜਾਂਚ ਚੱਲਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਅੰਮ੍ਰਿਤਸਰ, ਫਰੀਦਕੋਟ ਅਤੇ ਮੁਕਤਸਰ ਜੇਲ੍ਹ ਵਿੱਚ ਖ਼ਾਮੀਆਂ ਨਿਕਲੀਆਂ ਹਨ। ਇਹ ਖ਼ਾਮੀਆਂ ਕਿਹੋ ਜਿਹੀਆਂ ਹਨ, ਇਹ ਉਨ੍ਹਾਂ ਨੇ ਨਹੀਂ ਦੱਸਿਆ। ਉਨ੍ਹਾਂ ਕਿਹਾ, ਇਹ ਰਿਪੋਰਟ ਅਜੇ ਸਰਕਾਰ ਨੂੰ ਸੌਂਪੀ ਜਾਣੀ ਹੈ ਤੇ ਰਿਪੋਰਟ ਉਤੇ ਸਰਕਾਰ ਕੀ ਕਾਰਵਾਈ ਕਰਦੀ ਹੈ, ਇਹ ਸਿਰਫ ਮੰਤਰੀ ਦੱਸ ਸਕਦੇ ਹਨ।

ਵਰਨਣ ਯੋਗ ਹੈ ਕਿ ਫਰਵਰੀ ਦੇ ਸ਼ੁਰੂ ਵਿੱਚ ਅੰਮ੍ਰਿਤਸਰ ਵਿੱਚ ਜੇਲ੍ਹ ਬ੍ਰੇਕ ਦਾ ਕੇਸ ਹੋਇਆ ਸੀ, ਜਿਸ ਵਿੱਚ ਤਿੰਨ ਅੰਡਰ ਟਰਾਇਲ ਹਵਾਲਾਤੀਆਂ ਦੇ ਭੱਜ ਜਾਣ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ ਮੁੱਖ ਮੰਤਰੀ ਨੇ ਦਿੱਤੇ ਸਨ। ਮੁੱਖ ਮੰਤਰੀ ਨੇ ਜੇਲ੍ਹ ਦੀਆਂ ਖ਼ਾਮੀਆਂ ਦੇ ਦੋਸ਼ੀ ਅਧਿਕਾਰੀਆਂ ਖਿਲਾਫ ਵੀ ਜਾਂਚ ਕਰ ਕੇ ਕਾਰਵਾਈ ਲਈ ਕਿਹਾ ਸੀ। ਦੌੜ ਜਾਣ ਵਾਲੇ ਹਵਾਲਾਤੀਆਂ ਨੇ ਬੈਰਕ ਦੀ ਕੰਧ ਤੋਂ 10 ਇੱਟਾਂ ਕੱਢ ਕੇ ਵੱਡਾ ਸੁਰਾਖ ਬਣਾਇਆ ਤੇ ਫਿਰ ਕਰੀਬ 16 ਫੁੱਟ ਉਚੀ ਜੇਲ੍ਹ ਦੀ ਅੰਦਰੂਨੀ ਦੀਵਾਰ ਨੂੰ ਲੰਘਣ ਦੇ ਬਾਅਦ 21 ਫੁੱਟ ਦੀ ਉਚਾਈ ਵਾਲੀ ਬਾਹਰਲੀ ਦੀਵਾਰ ਨੂੰ ਲੰਘ ਗਏ ਸਨ।

ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਜੇਲ੍ਹ ਦੀ ਕੰਧ ਦੀਆਂ ਇੱਟਾਂ ਏਦਾਂ ਕਿਵੇਂ ਕੱਢੀਆਂ ਜਾ ਸਕਦੀਆਂ ਹਨ। ਸਾਫ ਹੈ ਕਿ ਘਟੀਆ ਮਟੀਰੀਅਲ ਲੱਗਾ ਹੈ। ਉਨ੍ਹਾਂ ਨੇ ਦੱਸਿਆ ਕਿ ਪੁਲਸ ਹਾਊਸਿੰਗ ਕਾਰਪੋਰੇਸ਼ਨ ਵੱਲੋਂ ਬਣਾਈਆਂ ਨਵੀਆਂ ਜੇਲ੍ਹਾਂ ਠੀਕ ਹਨ, ਪਰ ਪ੍ਰਾਈਵੇਟ ਬਿਲਡਰਾਂ ਦੀਆਂ ਬਣਾਈਆਂ ਵਿੱਚ ਖ਼ਾਮੀਆਂ ਨਜ਼ਰ ਆ ਰਹੀਆਂ ਹਨ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
$1,000
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆ

## ਫਿਲਮਾਂ ਰਿਲੀਜ਼ ਹੋਣ 'ਤੇ ਲੋਕਾਂ ਦਾ ਧਿਆਨ ਜਿਮ ਲੁਕ ਤੋਂ ਹਟੇਗਾ



'ਧੜਕ' ਗਰਲ ਜਾਨ੍ਹਵੀ ਕਪੂਰ ਆਏ ਦਿਨ ਜਿਮ ਦੇ ਬਾਹਰ ਨਜ਼ਰ ਆਉਂਦੀ ਹੈ ਅਤੇ ਉਸ ਦਾ ਜਿਮ ਲੁਕ ਅਕਸਰ ਚਰਚਾ ਵਿੱਚ ਰਹਿੰਦਾ ਹੈ। ਬੇਸ਼ੱਕ ਹੀ ਉਸ ਦੇ ਫੈਂਸ ਲਈ ਇੰਸੀਪ੍ਰੇਸ਼ਨ ਹੋਵੇ, ਪਰ ਜਾਨ੍ਹਵੀ ਨੂੰ ਅਜਿਹਾ ਹੋਣਾ ਕੁਝ ਖਾਸ ਪਸੰਦ ਨਹੀਂ ਹੈ। ਪਿੱਛੇ ਜਿਹੇ ਉਨ੍ਹਾਂ ਨੇ ਕਿਹਾ ਕਿ ਇਹ ਅਜੀਬ ਹੈ ਕਿ ਉਹ ਆਪਣੇ ਕੰਮ ਤੋਂ ਵੱਧ ਜਿਮ ਲੁਕਸ ਤੋਂ ਚਰਚਾ ਵਿੱਚ ਰਹਿੰਦੀ ਹੈ। ਜਾਨ੍ਹਵੀ ਨੇ ਕਿਹਾ, ''ਮੈਂ ਅਜੇ ਤੱਕ ਇੱਕੋ ਫਿਲਮ ਵਿੱਚ ਕੰਮ ਕੀਤਾ ਹੈ ਤੇ ਫੈਂਸ ਮੇਰੀਆਂ ਫਿਲਮਾਂ ਨਾਲੋਂ ਜ਼ਿਆਦਾ ਮੇਰੇ ਜਿਮ ਲੁਕਸ 'ਤੇ ਚਰਚਾ ਕਰਦੇ ਹਨ। ਇਹ ਕਾਫੀ ਅਜੀਬ ਹੈ, ਪਰ ਮੈਂ ਉਨ੍ਹਾਂ ਨੂੰ ਬਲੇਮ ਨਹੀਂ ਕਰ ਸਕਦੀ। ਮੈਨੂੰ ਉਮੀਦ ਹੈ ਕਿ ਜਦ ਮੇਰੀਆਂ ਫਿਲਮਾਂ ਰਿਲੀਜ਼ ਹੋਣਗੀਆਂ ਤਾਂ ਲੋਕਾਂ ਦਾ ਧਿਆਨ ਮੇਰੇ ਜਿਮ ਸ਼ਾਟਸ ਤੋਂ ਹਟੇਗਾ ਅਤੇ ਫਿਰ ਉਹ ਮੈਨੂੰ ਮੇਰੀਆਂ ਫਿਲਮਾਂ ਲਈ ਜਾਨਣਗੇ।''


## ਰਿਕਾਰਡ ਤੋੜੇਗੀ ਮੇਰੀ ਫਿਲਮ: ਵਿਦਿਆ



ਇੱਛਾ ਜਾਂ ਮਹੱਤਤਾ ਹੋਣੀ ਠੀਕ ਹੈ, ਪਰ ਇੰਨਾ ਵੀ ਨਹੀਂ ਕਿ ਲੋਕ ਭਰੋਸਾ ਹੀ ਨਾ ਕਰ ਸਕਣ। ਵਿਦਿਆ ਬਾਲਨ ਜਲਦੀ ਆਉਣ ਵਾਲੀ ਫਿਲਮ 'ਸ਼ਕੁੰਤਲਾ ਦੇਵੀ' ਵਿੱਚ ਨਜ਼ਰ ਆਉਣ ਵਾਲੀ ਹੈ। ਉਸ ਦੀ ਇੱਛਾ ਅਤੇ ਭਰੋਸਾ ਹੈ ਕਿ ਇਹ ਸਾਰੇ ਰਿਕਾਰਡ ਤੋੜ ਦੇਵੇਗੀ। ਫਿਲਮ ਦੀ ਕਹਾਣੀ ਸਵਰਗੀ ਮਹਾਨ ਗਣਿਤ ਮਾਹਿਰ ਸ਼ਕੁੰਤਲਾ ਦੇਵੀ 'ਤੇ ਆਧਾਰਤ ਹੈ।

ਫਿਲਮ ਦੀ ਫਸਟ ਲੁਕ ਰਿਲੀਜ਼ ਕਰ ਦਿੱਤੀ ਗਈ ਹੈ। 'ਸ਼ਕੁੰਤਲਾ ਦੇਵੀ' ਨੂੰ ਅਨੂ ਮੈਨਨ ਡਾਇਰੈਕਟ ਕਰ ਰਹੀ ਹੈ। ਇਸ ਵਿੱਚ ਸ਼ਕੁੰਤਲਾ ਦੇ ਪਤੀ ਦਾ ਕਿਰਦਾਰ ਬੰਗਲਾ ਫਿਲਮ ਜਗਤ ਦੇ ਲੋਕਪ੍ਰਿਯ ਅਭਿਨੇਤਾ ਜੀਸ਼ੂ ਸੇਨਗੁਪਤਾ ਨਿਭਾਉਣਗੇ ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਹੋ ਚੁੱਕੀ ਹੈ। ਫਿਲਮ ਮਈ ਵਿੱਚ ਰਿਲੀਜ਼ ਹੋਵੇਗੀ।

## 'ਛਲਾਂਗ' ਵਿੱਚ ਪੀ ਟੀ ਟੀਚਰ ਬਣੇ ਰਾਜਕੁਮਾਰ ਰੀਅਲ ਲਾਈਫ ਵਿੱਚ ਵੀ ਟੀਚਰ ਰਹੇ



ਰਾਜ ਕੁਮਾਰ ਰਾਓ ਆਪਣੀ ਅਗਲੀ ਫਿਲਮ 'ਛਲਾਂਗ' ਵਿੱਚ ਇੱਕ ਸਕੂਲ ਟੀਚਰ ਦੇ ਰੋਲ ਵਿੱਚ ਨਜ਼ਰ ਆਉਣਗੇ। ਮਜ਼ੇਦਾਰ ਗੱਲ ਇਹ ਹੈ ਕਿ ਉਹ ਰੀਅਲ ਲਾਈਫ ਵਿੱਚ ਵੀ ਟੀਚਰ ਰਹਿ ਚੁੱਕੇ ਹਨ। ਰਾਜ ਕੁਮਾਰ ਦੱਸਦੇ ਹਨ ਕਿ ਮੈਂ ਆਪਣੇ ਗਰੈਜੂਏਸ਼ਨ ਦੇ ਦੌਰਾਨ ਤਿੰਨ ਮਹੀਨੇ ਤੱਕ ਡ੍ਰਾਮੈਟਿਕਸ ਪੜ੍ਹਾ ਰਿਹਾ ਸੀ ਤੇ ਉਨ੍ਹਾਂ ਤਿੰਨ ਮਹੀਨਿਆਂ ਵਿੱਚ ਮੈਂ ਇੱਕ ਨਾਟਕ ਦਾ ਨਿਰਦੇਸ਼ਨ ਵੀ ਕੀਤਾ ਸੀ। ਮੈਂ ਟੀਚਰ ਤੋਂ ਵੱਧ ਦੋਸਤ ਸੀ ਕਿਉਂਕਿ ਮੇਰਾ ਤੇ ਸਟੂਡੈਂਟਸ ਦਾ ਉਮਰ ਦਾ ਫਾਸਲਾ ਬਹੁਤਾ ਨਹੀਂ ਸੀ। ਮੈਂ ਅਕਸਰ ਕੋਸ਼ਿਸ ਕਰਦਾ ਸੀ ਕਿ ਆਪਣੀ ਐਕਟਿੰਗ ਤਕਨੀਕ ਵਿੱਚ ਕੁਝ ਨਵਾਂ ਲੱਭ ਸਕਾਂ।

## ਨੁਸਰਤ ਭਰੂਚਾ ਦੀ 'ਛਲਾਂਗ'




ਪਿਛਲੇ ਸਾਲ ਫਿਲਮ 'ਡ੍ਰੀਮਗਰਲ' ਵਿੱਚ ਲੀਡ ਰੋਲ ਤੋਂ ਇਲਾਵਾ 'ਮਰਜਾਵਾਂ' ਵਿੱਚ ਇੱਕ ਆਈਟਮ ਨੰਬਰ 'ਚ ਨਜ਼ਰ ਆਈ ਨੁਸਰਤ ਭਰੂਚਾ ਆਪਣੀ ਅਗਲੀਆਂ ਦੋਵੇਂ ਫਿਲਮਾਂ ਬਾਰੇ ਬਹੁਤ ਉਤਸ਼ਾਹਤ ਹੈ। ਇਸ ਸਾਲ ਉਹ ਫਿਲਮ 'ਛਲਾਂਗ' ਅਤੇ 'ਹੁੜਦੰਗ' ਵਿੱਚ ਨਜ਼ਰ ਆਉਣ ਵਾਲੀ ਹੈ। ਇਨ੍ਹਾਂ ਵਿੱਚੋਂ ਪ੍ਰਸਿੱਧ ਨਿਰਦੇਸ਼ਕ ਹੰਸਲ ਮਹਿਤਾ ਦੀ ਫਿਲਮ 'ਛਲਾਂਗ' ਬਾਰੇ ਉਹ ਸਭ ਤੋਂ ਵੱਧ ਖੁਸ਼ ਹੈ। ਅਜਿਹਾ ਇਸ ਲਈ ਕਿ ਅੱਜ ਤੱਕ ਦੇ ਕਰੀਅਰ 'ਚ 'ਪਿਆਰ ਕਾ ਪੰਚ-ਨਾਮਾ' ਤੇ 'ਸੋਨੂੰ ਕੇ ਟੀਟੂ ਕੀ ਸਵੀਟੀ' ਵਰਗੀਆਂ ਹਿੱਟ ਫਿਲਮਾਂ ਦੇਣ ਵਾਲੀ ਨੁਸਰਤ ਦਾ ਕਹਿਣਾ ਹੈ ਕਿ ਕਿਸੇ ਨੇ ਨਹੀਂ ਸੋਚਿਆ ਹੋਵੇਗਾ ਕਿ ਉਹ ਨਿਰਦੇਸ਼ਕ ਹੰਸਲ ਮਹਿਤਾ ਦੀ ਫਿਲਮ ਵਿੱਚ ਕੰਮ ਕਰ ਸਕਦੀ ਹੈ। ਉਸ ਦੇ ਅਨੁਸਾਰ ਹੰਸਲ ਨਾਲ ਕੰਮ ਕਰਨ ਦਾ ਤਜਰਬਾ ਬਹੁਤ ਸੁਖਦ ਤੇ ਚੁਣੌਤੀ ਪੂਰਨ ਰਿਹਾ। ਇਹ ਉਸ ਦੇ ਲਈ ਇੱਕ ਵੱਖਰੀ ਤਰ੍ਹਾਂ ਦੀ ਫਿਲਮ ਹੈ।

ਫਿਲਮ ਬਾਰੇ ਨੁਸਰਤ ਕਹਿੰਦੀ ਹੈ, ''ਮੈਂ ਖੁਸ਼ਕਿਸਮਤ ਹਾਂ ਕਿ ਮੈਨੂੰ ਹੰਸਲ ਮਹਿਤਾ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਜੇ ਤੁਸੀਂ ਇਸ ਬਾਰੇ ਸੋਚੋਗੇ ਤਾਂ 'ਪਿਆਰ ਕਾ ਪੰਚਨਾਮਾ' ਅਤੇ 'ਸੋਨੂੰ ਕੇ ਟੀਟੀ ਕੀ ਸਵੀਟੀ' ਤੋਂ ਬਾਅਦ ਕੋਈ ਨਹੀਂ ਸੋਚ ਸਕਦਾ ਸੀ ਕਿ ਇਹ ਲੜਕੀ ਹੰਸਲ ਮਹਿਤਾ ਦੀ ਫਿਲਮ ਵਿੱਚ ਕੰਮ ਕਰ ਸਕਦੀ ਹੈ।'' ਉਸ ਅਨੁਸਾਰ ''ਮੈਂ ਅਸਲ ਵਿੱਚ ਲੱਕੀ ਹਾਂ ਕਿ ਉਨ੍ਹਾਂ ਨੇ ਮੈਨੂੰ ਉਸ ਅਕਸ ਤੋਂ ਹਟਾ ਕੇ ਦੇਖਿਆ। ਮੈਂ ਕਹਿੰਦੀ ਰਹੀ ਕਿ ਮੈਂ ਡਰੀ ਹੋਈ ਹਾਂ। ਸਰ, ਕੀ ਤੁਹਾਨੂੰ ਯਕੀਨ ਹੈ ਮੈਂ ਇਹ ਕਰ ਸਕਦੀ ਹਾਂ? ਉਨ੍ਹਾਂ ਨੇ ਮੈਨੂੰ ਕਿਹਾ ਹਾਂ, ਤੁਸੀਂ ਕਰ ਸਕਦੇ ਹੋ।''

ਇਹ ਫਿਲਮ ਉੱਤਰ ਪ੍ਰਦੇਸ਼ ਦੇ ਪਿਛੋਕੜ 'ਤੇ ਆਧਾਰਤ ਇੱਕ 'ਸੋਸ਼ਲ ਕਾਮੇਡੀ' ਹੈ ਜਿਸ ਵਿੱਚ ਸਕੂਲਾਂ 'ਚ ਖੇਡ ਸਿਖਿਆ ਨੂੰ ਮਹੱਤਵ ਨਾ ਦੇਣ 'ਤੇ ਵਿਅੰਗ ਕੀਤਾ ਗਿਆ ਹੈ। ਇਸ ਵਿੱਚ ਰਾਜਕੁਮਾਰ ਰਾਓ, ਮੁਹੰਮਦ ਜੀਸ਼ਾਨ ਅਯੂਬ ਅਤੇ ਸੌਰਭ ਸ਼ੁਕਲਾ ਵੀ ਆਉਣਗੇ। ਆਪਣੀ ਫਿਲਮ 'ਹੁੜਦੰਗ' ਵਿੱਚ ਉਹ ਝੂਲਨ ਨਾਂਅ ਦੀ ਇੱਕ ਵਿਦਿਆਰਥਣ ਦਾ ਕਿਰਦਾਰ ਨਿਭਾਅ ਰਹੀ ਹੈ, ਜੋ ਸੰਘਰਸ਼ ਕਰ ਕੇ ਆਪਣੀ ਪਛਾਣ ਬਣਾਉਂਦੀ ਹੈ ਅਤੇ ਕਾਫੀ ਹਿੰਮਤੀ ਲੜਕੀ ਹੈ। ਇਹ ਇੱਕ ਲਵ ਸਟੋਰੀ ਹੈ ਅਤੇ ਇਸ ਵਿੱਚ ਨੱਬੇ ਦੇ ਦਹਾਕੇ ਵਿੱਚ ਆਏ ਮੰਡਲ ਕਮਿਸ਼ਨ ਨਾਲ ਹੋਏ ਪ੍ਰਭਾਵ ਨੂੰ ਦਿਖਾਇਆ ਗਿਆ ਹੈ।




# ਬਿਜਲੀ ਦਾ ਕੋਈ ਵੀ ਛੋਟਾ/ਵੱਡਾ ਕੰਮ ਹੋਵੇ


**For All Kinds of Electrical Work**

(indoor/outdoor)
LED Pot Lights ਲਗਵਾਉਣ 'ਤੇ
**DIMMER FREE ਲਗਵਾਓ**

- Industrial Lighting/ Automation
- Residential/Commercial/Industrial
- Basement/Custom Homes Wiring
- Service Panel Upgrading
- Fire Alarm/ Securtiy System
- Drive way Lights
- CCTV Camera
- UPS & Battery Banks

**Contact: Nirmal Singh Johal**
(Certified Electrician)
**647-716-2677**



www.aahafoods.ca
aahafoodscanada
PASS PASS PULSE
PRAN JAAYE PAR PULSE NA JAAYE
India's No 1 Candy with a tangy twist
Now Available in 5 flavours
all across #Canada
AAHA FOODS
Wholesale Company of Ethnic Food Products
(A Division of SR India Marketing INC)
Unit No. 2, 1850 Ellesmere Road, Scarborough, ON M1H 2V5 Canada
+1 416-925-6339, +1 416-666-8525
,+1 647-831-9149Fax: 647-351-7157
Email: siva@srimi.com , ram@srimi.com




2020
ਬਜਟ
ਤੁਹਾਡੇ ਹਿੱਤਾਂ ਨੂੰ ਅੱਗੇ ਰੱਖਦਾ ਹੈ
ਬਜਟ ਚਰਚਾਵਾਂ 18 ਫਰਵਰੀ ਨੂੰ ਸ਼ੁਰੂ ਹੋਣਗੀਆਂ।
ਹੋਰ ਜਾਣੋ ਅਤੇ ਆਪਣੀ ਰਾਏ ਦਿਓ।
SUPERVISOR
ਇਹ ਬਜਟ ਚੰਗੀ-ਤਰ੍ਹਾਂ ਸੰਚਾਲਿਤ ਅਜਿਹਾ ਸ਼ਹਿਰ ਬਣਨ ਤੇ ਕੇਂਦਰਿਤ ਹੈ, ਜੋ ਮੌਕੇ ਪੈਦਾ ਕਰਦਾ ਹੋਵੇ, ਹਰਿਆ-ਭਰਿਆ, ਸਿਹਤਮੰਦ, ਸੁਰੱਖਿਅਤ ਹੋਵੇ ਅਤੇ ਸਾਡੀ ਸੱਭਿਆਚਾਰਕ ਵੰਨ-ਸੁਵੰਨਤਾ ਦਾ ਜਸ਼ਨ ਮਨਾਉਂਦਾ ਹੋਵੇ।
311
brampton.ca/budget
BRAMPTON




ASIAN FOOD CENTRE
FAMILY DAY SALE
www.AsianFoodCentre.com
14TH FEB TO 23RD FEB 2020
Fresh Fruits, Vegetables, Indian & Canadian Grocery
$4.29 QUALITY CHAKKI ATTA (10LB)
$9.99 SHER DESI STYLE ATTA
$6.99 HERO ATTA
$15.99 ADM ATTA
$7.99 DEEP WHOLE WHEAT ATTA
$10.99 DAAWAT RICE
$8.99 INDIA GATE ROZZANA RICE
$8.99 AFC DIAMOND RICE
$1.99 SURATI SNACKS
$1.99 ASIAN GACHAK
$1.99 $3.79 BIKANERI MUSTARD OIL
$7.99 $19.99 TRUST SUGAR
$6.99 RED LABEL TEA
$2.99 MOTHER'S PICKLE
$5.99 POPULAR PARATHA 25PCS
$1.49 (EXCEPT:AAMPANA) DABUR REAL JUICE
$10.99 KASTURI TOOR DAAL(10LB)
$1.99 DEEP TANDOORI NAAN
$5.99 ALSHIFA HONEY
$2.99 RED LENTIL
$2.29 SAFFRON
$2.99 BLACK CHANA
$7.99 TEA INDIA
$1.49 DEEP CUT/WHOLE OKRA
BUY 1 GET 1 FREE $5.99 + TAX SILKY BATHROOM TISSUE (8ROLLS)
$1.99 MTR DOSA, RAVA DOSA RAVA IDLI, RICE IDLI & UTTAPAM
$6.99 APNA TASTE RASMALAI
$4.99 APNA TASTE GULAB JAMUN
2 FOR $1 GOOD DAY BISCUITS
$7.99 MAZOLA CANOLA / CORN OIL
$2.29 QUALITY KESAR MANGO PULP
$8.99 VERKA BROWN SUGAR
$1.79 POPULAR SAMOSA
$4.29 FRONTIER COOKIES
$2.29 MTR ROASTED VERMICELLI
$22.99 MOTHER DAIRY DESI GHEE
$22.99 BRAR DESI GHEE
$5.99 SAVERA RASMALAI
$4.99 BRITANNIA MILK WHEAT RUSK
$1.10 SANTOSH NAAN
$3.99 MOTHER DAIRY PANEER
$4.99 CASHEW PIECES
ETOBICOKE 10 Westmore Dr. 416-740-3262
MISSISSAUGA 1075 Ceremonial Dr. 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
TOLL FREE 1-800-708-9232
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
TOLL FREE 1-800-708-9232
MEAT SHOP AVAILABLE
We reserve the right to limit the quantity. Prices subject to change without notice, while supplies last. Product images are for illustration purpose only. Design by InfoTech Media

